**ਸਮਾਂ: 3 ਘੰਟੇ**

**ਸ਼੍ਰੇਣੀ – ਦਸਵੀਂ**

**14. ਕੰਪਿਊਟਰ ਸਾਇੰਸ**

**ਲਿਖਤੀ : 50 ਅੰਕ**
**ਸੀ.ਸੀ.ਈ. : 10 ਅੰਕ**
**ਪ੍ਰਯੋਗੀ : 40 ਅੰਕ**
**ਕੁੱਲ: 100 ਅੰਕ**

**ਅਗਵਾਈਲੀਹਾਂ (ਲਿਖਤੀਪ੍ਰੀਖਿਆ)**

1. ਪ੍ਰਸ਼ਨ ਪੱਤਰ ਚਾਰ ਭਾਗਾਂ (ਭਾਗ ਓ, ਭਾਗ ਅ, ਭਾਗ ੲ ਅਤੇ ਭਾਗ ਸ) ਵਿੱਚ ਵੰਡਿਆ ਹੋਵੇਗਾ।
2. ਭਾਗ ਓ ਆਬਜੈਕਟਿਵ ਟਾਇਪ ਹੋਵੇਗਾ ਜਿਸ ਵਿੱਚ 1 ਤੋਂ 6 ਤੱਕ 1-1 ਅੰਕ ਦੇ 6 ਪ੍ਰਸ਼ਨ ਹੋਣਗੇ।
3. ਭਾਗ ਅ ਵਿੱਚ ਪ੍ਰਸ਼ਨ ਨੰ 7 ਤੋਂ 12 ਤੱਕ 2-2 ਅੰਕ ਦੇ 6 ਪ੍ਰਸ਼ਨ ਹੋਣਗੇ।
4. ਭਾਗ ੲ ਵਿੱਚ ਪ੍ਰਸ਼ਨ ਨੰ 13 ਤੋਂ 17 ਤੱਕ 4-4 ਅੰਕ ਦੇ 5 ਪ੍ਰਸ਼ਨ ਹੋਣਗੇ।
5. ਭਾਗ ਸ ਵਿੱਚ ਪ੍ਰਸ਼ਨ ਨੰ 18 ਤੋਂ 19 ਤੱਕ 6-6 ਅੰਕ ਦੇ 2 ਪ੍ਰਸ਼ਨ ਹੋਣਗੇ, ਜਿਹਨਾਂ ਵਿੱਚ ਅੰਦਰੂਨੀ ਛੋਟ ਹੋਵੇਗੀ
6. ਭਾਗ ਓ,ਅ,ੲ ਅਤੇ ਭਾਗ ਸ ਦੇ ਸਾਰੇ ਪ੍ਰਸ਼ਨ ਜਰੂਰੀ ਹੋਣਗੇ। ਭਾਗ ੲ ਅਤੇ ਸ ਵਿੱਚ ਹਰੇਕ ਪ੍ਰਸ਼ਨ ਦੇ ਦੋ ਜਾਂ ਦੋ ਤੋਂਵੱਧਭਾਗਵੀ ਹੋ ਸਕਦੇ ਹਨ।

| ਲੜੀਨੰ | ਅਧਿਆਇਦਾ ਨਾਂ | ਕੁੱਲ ਅੰਕ | 1 ਅੰਕਾਂ ਵਾਲੇ ਪ੍ਰਸ਼ਨ | 2 ਅੰਕਾਂ ਵਾਲੇ ਪ੍ਰਸ਼ਨ | 4 ਅੰਕਾਂ ਵਾਲੇ ਪ੍ਰਸ਼ਨ | 6 ਅੰਕਾਂ ਵਾਲੇ ਪ੍ਰਸ਼ਨ |
|---|---|---|---|---|---|---|
| 1. | ਆਫਿਸ ਟੂਲਜ਼ | 3 | 1 | 1 | | |
| 2. | HTMLਫੰਡਾਮੈਂਟਲਜ਼ | 7 | 1 | | | 1 |
| 3. | HTML - II | 6 | | 1 | 1 | |
| 4. | ਵੈਬਡਿਵੈਲਪਮੈਂਟ | 7 | 1 | 1 | 1 | C |
| 5. | ਡੈਸਕਟਾਪਪਬਲੀਸ਼ਿੰਗ | 7 | 1 | 1 | 1 | C |
| 6. | ਆਪਰੇਟਿੰਗ ਸਿਸਟਮ | 7 | 1 | 1 | 1 | |
| 7. | ਮਾਈਕਰੋਸਾਫਟਪਬਲੀਸ਼ਰ - I | 6 | | 1 | 1 | |
| 8. | ਮਾਈਕਰੋਸਾਫ਼ਟਪਬਲੀਸ਼ਰ - II | 7 | 1 | | | 1 |
| | ਕੁੱਲਜੋੜ | 50 | 6 | 12 | 20 | 12 |

Name of Student: ______________________________

Class: ______________________________

School: ______________________________

Session: ______________________________

## ਪਾਠ – 1 (ਆਫਿਸ ਟੂਲਜ਼)

### ਬਹੁ ਚੋਣਵੇਂ ਪ੍ਰਸ਼ਨ

**ਪ੍ਰ1:** ਕਿਸ ਸਾਫਟਵੇਅਰ ਵਿੱਚ ਪ੍ਰੋਗਰਾਮ ਦੇ ਇੱਕ ਗਰੁੱਪ ਸ਼ਾਮਲ ਹੁੰਦੇ ਹਨ। (**ਸਾਫਟਵੇਅਰ**)

**ਪ੍ਰ2:** ਕਿਹੜਾ ਟੂਲ ਬਜਟ, ਵਿੱਤੀ ਸਟੇਟਮੈਂਟ ਅਤੇ ਵਿੱਕਰੀ ਦੇ ਰਿਕਾਰਡ ਨੂੰ ਮੈਨਟੇਨ ਕਰਨ ਲਈ ਵਰਤਿਆ ਜਾਂਦਾ ਹੈ। (**ਸਪਰੈਡਸ਼ੀਟ**)

**ਪ੍ਰ3:** ਜਦੋਂ ਅਸੀਂ ਇੱਕ ਪੰਨੇ ਦੇ ______ ਤੇ ਪਹੁੰਚਦੇ ਹਾਂ ਤਾਂ ਵਰਡ ਆਟੋਮੈਟਿਕ ਇੱਕ ਪੇਜ ਬ੍ਰੇਕ ਦਾਖਲ ਕਰਦਾ ਹੈ।(**END**)

**ਪ੍ਰ4:** ਜਦੋਂ ਅਸੀਂ ਆਪਣਾ ਡਾਕੂਮੈਂਟ ਟਾਈਪ ਕਰਦੇ ਹਾਂ, ਤਾਂ ਗਲਤ ਲਿਖੇ ਅਖਰ ਦੇ ਹੇਠਾਂ ਵੇਵੀ ਲਾਈਨਾਂ ਆ ਜਾਣਗੀਆਂ। (**ਲਾਲ (RED)**)

**ਪ੍ਰ5:** ਪਾਵਰ ਪੁਆਇੰਟ ਵਿੱਚ ਕਿਹੜੀ ਵਿਸ਼ੇਸ਼ਤਾ ਬੈਕਗ੍ਰਾਂਉਡ ਨੂੰ ਮੂਲ ਰੂਪ ਵਿੱਚ ਚੁਣਨ ਲਈ ਸਾਡੀ ਮਦਦ ਕਰਦੀ ਹੈ।(**ਥੀਮ (Theme)**)

**ਪ੍ਰ6:** ਪਾਵਰ ਪੁਆਇੰਟ ਦਾ ਕਿਹੜਾ ਆਪਸ਼ਨ ਉਨਾਂ ਹੀ ਆਸਾਨ ਹੈ ਜਿਨਹਾ ਕਿ ਅਗਲੀ ਸਲਾਇਡ ਤੇ ਜਾਣਾ।(**ਟਰਾਂਜੀਸ਼ਨ**)

**ਪ੍ਰ7:** ਸਭ ਤੋਂ ਆਮ ਕਿਸਮ ਦੇ ਪ੍ਰਭਾਵ ਵਿੱਚ ਐਂਟਰੈਸ ਅਤੇ ਐਕਸਿਟ ਸ਼ਾਮਲ ਹੁੰਦੇ ਹਨ। (**ਐਨੀਮੇਸ਼ਨ**)

**ਪ੍ਰ8:** ਆਮ ਤੌਰ ਤੇ ਪਾਵਰ ਪੁਆਇੰਟ ਵਿੱਚ ਸਲਾਇਡ ਸ਼ੋਅ ਦਾ ਅੰਤ ਕਰਨ ਲਈ ਅਸੀਂ ਕੀ-ਬੋਰਡ ਤੋਂ ਕਿਹੜੀ ਕੀਅ ਦਬਾਉਂਦੇ ਹਾਂ? (**ESC ਕੀਅ**)

**ਪ੍ਰ9:** ਮਾਈਕਰੋਸੋਫਟ ਐਪਲੀਕੇਸ਼ਨ ਯੂਜ਼ਰ ਨੂੰ ਆਪਣੀ ਫਾਈਲ ਜਿਵੇਂ. ਕਿ ਡਾਕੂਮੈਂਟ, ਸਪਰੈਡਸ਼ੀਟ ਅਤੇ ਪ੍ਰੈਜਨਟੇਸ਼ਨ ਆਦਿ ਨੂੰ ਐਨਕ੍ਰੀਪਟ ਦੇ ਨਾਲ ਤੇ _______ਆਪਸ਼ਨ ਦੇ ਨਾਲ ਸੁਰੱਖਿਅਤ ਕਰਨ ਦੀ ਸਮਰਥਾ ਪ੍ਰਦਾਨ ਕਰਦੀ ਹੈ। (**ਪਾਸਵਰਡ**)

**ਪ੍ਰ10:** _________ ਪੇਜ ਦੇ ਕਿਨਾਰਿਆਂ ਦੀ ਖਾਲੀ ਥਾਂ ਹੁੰਦੀ ਹੈ। (**ਮਾਰਜਿਨ**)

### ਖਾਲੀ ਥਾਵਾਂ ਭਰੋ

1. ਕੰਪਿਊਟਰ ਸਾਫਟਵੇਅਰ ਨੂੰ ਦੋ ਸ਼੍ਰੇਣੀਆਂ ਵਿੱਚ ਵੰਡਿਆ ਗਿਆ ਹੈ _____ ਅਤੇ _____. **(System Software, Application Software)**
2. ਡਾਟਾਵੇਸ ਸਾਫਟਵੇਅਰ ਸੰਬੰਧਿਤ ਡੇਟਾ ਦਾ ਸੰਗ੍ਰਿਹ ਹੈ। ਇਸ ਟੂਲ ਦਾ ਉਦੇਸ਼ _______ ਅਤੇ _________ ਹੈ। **(Organize, Manage)**
3. ਅਸੀਂ ਆਪਣੇ ਪੂਰੇ ਡਾਕੂਮੇਂਟ ਜਾਂ ਕੁਝ ਹਿੱਸੇ ਲਈ ______ ਜਾਂ ______ ਓਰੀਐਨਟੇਸ਼ਨ ਦੀ ਚੋਣ ਕਰ ਸਕਦੇ ਹਾਂ। **(Portrait, Landscape)**
4. ਪਾਵਰ ਪੁਆਇੰਟ ਦੁਆਰਾ ਸਮਰਥਿਤ ਇਮੇਜ ਫਾਈਲ ਦੀ ਐਕਟੈਂਸ਼ਨ ਵਿੱਚ ਸ਼ਾਮਲ ਹਨ________ **(.tiff, .BMP, .jpg , .gif)**
5. ਮਲਟੀਮੀਡੀਆ ਸੌਫਟਵੇਅਰ ਉਹ ਟੂਲ ਹੈ ਜੋ ਯੂਜ਼ਰ ਨੂੰ ਮੀਡੀਆ ਪਲੇਅਰ ਅਤੇ ਰੀਅਲ ਪਲੇਅਰ ਦੀ ਮਦਦ ਨਾਲ _____________ ਅਤੇ _______ ਬਨਾਉਣ ਦੀ ਆਗਿਆ ਦਿੰਦਾ ਹੈ। **(Audio, Video)**

### ਸਹੀ ਜਾਂ ਗਲਤ

1. ਸਪ੍ਰੈਡ ਸ਼ੀਟ ਟੂਲ ਦਾ ਮੁੱਖ ਉਦੇਸ਼ ਡਾਕੂਮੈਟ ਬਣਾਉਣਾ ਹੈ। (**ਗਲਤ**)
2. ਐਪਲੀਕੇਸ਼ਨ ਸੌਫਟਵੇਅਰ ਇੱਕ ਅਜਿਹਾ ਸਾਫਟਵੇਅਰ ਹੈ ਜੋ ਯੂਜ਼ਰ ਲਈ ਖਾਸ ਕੰਮ ਕਰਦਾ ਹੈ।(**ਸਹੀ**)
3. ਡਾਟਾਬੇਸ ਟੂਲ ਸਲਾਈਡ ਸ਼ੋਅ ਦੇ ਰੂਪ ਵਿੱਚ ਜਾਣਕਾਰੀ ਨੂੰ ਡਿਸਪਲੇ ਕਰਨ ਲਈ ਵਰਤਿਆ ਜਾਂਦਾ ਹੈ। (**ਗਲਤ**)
4. ਅਸੀਂ ਮੌਜੂਦਾ ਟੈਬ ਨੂੰ ਰੂਲਰ ਦੇ ਨਾਲ ਨਾਲ ਵੱਖ ਵੱਖ ਥਾਵਾਂ ਤੇ ਖੱਬੇ ਜਾਂ ਸੱਜੇ ਪਾਸੇ ਡ੍ਰੈਗ ਕਰ ਸਕਦੇ ਹਾਂ। (**ਸਹੀ**)
5. ਜਦੋਂ ਅਸੀਂ ਪ੍ਰਿੰਟ ਟੈਬ ਤੇ ਕਲਿੱਕ ਕਰਦੇ ਹਾਂ ਤਾਂ ਪ੍ਰਿੰਟ ਪ੍ਰੀਵਿਊ ਆਪਣੇ ਆਪ ਦਿਖਾਈ ਦਿੰਦਾ ਹੈ। (**ਸਹੀ**)

### ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ

1. ਐੱਮ ਐੱਸ. ਆਫਿਸ 2010 ਵਿੱਚ ਵਰਡ ਡਾਕੂਮੈਂਟ ਦੀ ਐਕਟੇਂਸ਼ਨ ਲਿਖੋ। **ਉਤਰ: .docx**
2. ਐੱਮ. ਐਸ. ਆਫਿਸ 2010 ਵਿੱਚ ਸਪ੍ਰੈਡ ਸੀਟ ਦੀ ਐਕਸਟੈਂਸ਼ਨ ਲਿਖੋ। **ਉਤਰ: .xlsx**
3. ਐੱਮ. ਐਸ. ਆਫਿਸ 2010 ਵਿੱਚ ਪਾਵਰ ਪੁਆਇੰਟ ਦੀ ਐਕਸਟੈਂਸ਼ਨ ਲਿਖੋ। **ਉਤਰ: .pptx**
4. ਬੀ. ਐੱਮ. ਪੀ. (ਈਮੇਜ ਫਾਇਲ) ਦਾ ਪੂਰਾ ਰੂਪ ਲਿਖੋ। **ਉਤਰ: Bitmap picture**
5. ਪੀ. ਡੀ. ਐਫ ਦਾ ਪੂਰਾ ਰੂਪ ਲਿਖੋ। **ਉਤਰ: Portable Document Format**

### ਛੋਟੇ ਉੱਤਰਾਂ ਵਾਲੇ ਪ੍ਰਸ਼ਨ

**ਪ੍ਰ1: ਸਿਸਟਮ ਸਾਫਟਵੇਅਰ ਨੂੰ ਪ੍ਰਭਾਸ਼ਿਤ ਕਰੋ।**

**ਉ:** ਕੰਪਿਊਟਰ ਦੇ ਸਾਰੇ ਕੰਮਾਂ-ਕਾਰਾਂ ਨੂੰ ਕੰਟਰੋਲ ਕਰਨ ਲਈ ਜਿਹੜੇ ਸਾਫਟਵੇਅਰ ਵਰਤੇ ਜਾਂਦੇ ਹਨ ਉਹਨਾਂ ਨੂੰ ਸਿਸਟਮ ਸਾਫਟਵੇਅਰ ਕਿਹਾ ਜਾਂਦਾ ਹੈ। ਸਿਸਟਮ ਸਾਫਟਵੇਅਰ ਤੋਂ ਬਿਨ੍ਹਾਂ ਐਪਲੀਕੇਸ਼ਨ ਸਾਫਟਵੇਅਰ ਕੰਮ ਨਹੀਂ ਕਰ ਸਕਦੇ। ਸਿਸਟਮ ਸਾਫਟਵੇਅਰ ਕਈ ਕਿਸਮਾਂ ਦੇ ਹੁੰਦੇ ਹਨ, ਜਿਵੇਂ ਕਿ ਓਪਰੇਟਿੰਗ ਸਿਸਟਮ, ਭਾਸ਼ਾ ਟ੍ਰਾਂਸਲੇਟਰ, ਯੂਟੀਲੀਟੀ ਪ੍ਰੋਗਰਾਮ ਆਦਿ।

**ਪ੍ਰ2: ਆਫਿਸ ਪ੍ਰੋਡਕਟੀਵਿਟੀ ਟੂਲਜ਼ ਦੀ ਵਿਆਖਿਆ ਕਰੋ।**

**ਉ:** ਆਫਿਸ ਪ੍ਰੋਡਕਟੀਵਿਟੀ ਟੂਲਜ਼ ਐਪਲੀਕੇਸ਼ਨ ਪ੍ਰੋਗਰਾਮਾਂ ਦੀ ਉਹ ਸ਼੍ਰੇਣੀ ਹੈ, ਜੋ ਯੂਜ਼ਰ ਨੂੰ ਡਾਕੂਮੈਂਟ, ਡੈਟਾਬੇਸ, ਗਰਾਫ. ਵਰਕਸ਼ੀਟਾਂ ਅਤੇ ਪ੍ਰੈਜਨਟੇਸ਼ਨ ਵਰਗੀਆਂ ਚੀਜਾਂ ਤਿਆਰ ਕਰਨ ਵਿੱਚ ਸਹਾਇਤਾ ਕਰਦੇ ਹਨ।ਬਹੁਤ ਸਾਰੇ ਪ੍ਰੋਡਕਟੀਵੀਟੀ ਟੂਲਜ਼ ਨੂੰ ਵਪਾਰਕ ਵਰਤੋ ਲਈ ਵਰਤਿਆ ਜਾਂਦਾ ਹੈ।

**ਪ੍ਰ3: ਡਾਟਾ ਬੇਸ ਸਾਫਟਵੇਅਰ ਦੀ ਵਿਆਖਿਆ ਕਰੋ।**

**ਉ:** ਇਹ ਇਕ ਆਫਿਸ ਪ੍ਰੋਡਕਟੀਵਿਟੀ ਟੂਲ ਹੈ। ਡਾਟਾਬੇਸ ਸੰਬੰਧਤ ਡਾਟਾ ਦਾ ਸੰਗ੍ਰਹਿ ਹੈ। ਇਸ ਟੂਲ ਦਾ ਉਦੇਸ਼ ਡਾਟਾ ਨੂੰ ਸੰਗਠਿਤ ਕਰਨਾ ਅਤੇ ਪ੍ਰਬੰਧ ਕਰਨਾ ਹੁੰਦਾ ਹੈ। ਐਮ. ਐਸ. ਐਕਸੈਸ, ਓਰੈਕਲ ਆਦਿ ਡਾਟਾਬੇਸ ਸਾਫਟਵੇਅਰਾਂ ਦੀਆਂ ਉਦਾਹਰਣਾਂ ਹਨ।

**ਪ੍ਰ4: ਮਲਟੀਮੀਡੀਆ ਸੌਫਟਵੇਅਰ ਦੀ ਵਿਆਖਿਆ ਕਰੋ।**

ਉ: ਮਲਟੀਮੀਡੀਆ ਸੌਫਟਵੇਅਰ ਉਹ ਸਾਫਟਵੇਅਰ ਟੂਲਜ਼ ਹੁੰਦੇ ਹਨ ਜੋ ਯੂਜ਼ਰ ਨੂੰ ਆਡੀਓ/ਵੀਡੀਓ ਫਾਈਲਾਂ ਬਣਾਉਣ ਵਿੱਚ ਮਦਦ ਕਰਦੇ ਹਨ।ਮੀਡੀਆ ਪਲੇਅਰ ਅਤੇ ਰੀਅਲ ਪਲੇਅਰ ਮਲਟੀਮੀਡੀਆ ਟੂਲ ਦੇ ਉਦਾਹਰਨ ਹਨ।

**ਪ੍ਰ5: ਕਸਟਮ ਮਾਰਜਿਨ ਬਣਾਉਣ ਲਈ ਕਦਮ ਲਿਖੋ।**

ਉ: ਕਸਟਮ ਮਾਰਜਿਨ ਬਣਾਉਣ ਲਈ ਹੇਠ ਲਿਖੇ ਕਦਮ ਹਨ:

1. ਪੇਜ ਲੇਆਉਟ ਟੈਬ ਤੇ, ਪੇਜ ਸੈੱਟਅੱਪ ਗਰੁੱਪ ਵਿੱਚ ਮਾਰਜਨ ਤੇ ਕਲਿੱਕ ਕਰੋ।
2. ਮਾਰਜਨ ਗੈਲਰੀ ਦੇ ਡਰੋਪ ਡਾਊਨ ਮੀਨੂੰ ਦੇ ਹੇਠਾਂ ਕਸਟਮ ਮਾਰਜਨ ਤੇ ਕਲਿੱਕ ਕਰੋ।

3. ਪੇਜ ਸੈੱਟਅੱਪ ਡਾਇਲਾਗ ਬਾਕਸ ਦਿਖਾਈ ਦੇਵੇਗਾ। ਮਾਰਜਨ ਦੇ ਮੁੱਲ ਭਰੋ ਅਤੇ OK ਤੇ ਕਲਿੱਕ ਕਰੋ।

**ਪ੍ਰ6: ਪੇਜ ਬ੍ਰੇਕ ਕੀ ਹੈ। ਪੇਜ ਬ੍ਰੇਕ ਕਿਵੇਂ ਦਾਖਲ ਕੀਤਾ ਜਾਂਦਾ ਹੈ?**

ਉ: ਪੇਜ ਬ੍ਰੇਕ ਦੀ ਵਰਤੋ ਨਵਾਂ ਪੇਜ ਦਾਖਲ ਕਰਨ ਲਈ ਕੀਤੀ ਜਾਂਦੀ ਹੈ। ਇਸ ਨੂੰ ਦਾਖਲ ਕਰਨ ਦੇ ਕਦਮ ਇਸ ਪ੍ਰਕਾਰ ਹਨ।

1. ਅਸੀਂ ਨਵੇਂ ਪੇਜ ਨੂੰ ਜਿਸ ਜਗ੍ਹਾਂ ਤੋਂ ਸ਼ੁਰੂ ਕਰਨਾ ਚਾਹੁੰਦੇ ਹੋ ਉੱਥੇ ਕਲਿੱਕ ਕਰੋ।
2. ਇਨਸਰਟ ਟੈਵ ਤੇ ਪੇਜ ਗਰੁੱਪ ਵਿੱਚ ਪੇਜ ਬਰੇਕ ਤੇ ਕਲਿੱਕ ਕਰੋ।

## ਪਾਠ–2 (ਐਚ.ਟੀ.ਐਮ.ਐਲ. ਫੰਡਾਮੈਂਟਲਜ਼)

### ਬਹੁ ਚੋਣਵੇ ਪ੍ਰਸ਼ਨ

1. ਕਿਸੇ ਵੀ HTML ਦਸਤਾਵੇਜ਼ ਵਿੱਚ ਪਹਿਲਾ ਟੈਗ ਕੀ ਹੋਣਾ ਚਾਹੀਦਾ ਹੈ ? **(<HTML>)**
2. ਛੋਟੇ ਸਾਈਜ਼ ਦੀ ਹੈਡਿੰਗ ਲਈ ਸਹੀ HTML ਟੈਗ ਚੁਣੋ? (**<H6>**)
3. ਲਈਨ ਬ੍ਰੇਕ ਪਾਉਣ ਲਈ ਸਹੀ HTML ਟੈਗ ਕੀ ਹੈ? (**<BR>**)
4. ਇਹਨਾਂ ਵਿੱਚੋਂ ਕਿਹੜਾ ਕੰਨਟੇਨਰ ਟੈਗ ਨਹੀਂ ਹੈ? **(<IMG>)**
   1. <p> 2 <u> 3 <I> 4 <IMG>
5. ਕੁਝ ਟੈਗ ਟੈਕਸਟ ਨੂੰ ਦੋਨੋ ਪਾਸੋਂ ਦਰਸ਼ਾਉਂਦੇ ਹਨ ਉਹਨਾਂ ਨੂੰ ਕੀ ਕਿਹਾ ਜਾਂਦਾ ਹੈ? (**Pair Tags)**
6. Marquee HTML ਵਿੱਚ ਇੱਕ ਟੈਗ ਹੈ ਜੋ: ਅੱਖਰਾਂ ਨੂੰ ਗਤੀਮਾਨ ਦਿਖਾਉਦਾ ਹੈ –(**Display text with scrolling effects)**
7. HTML ਸਮਰਥਨ ਕਰਦਾ ਹੈ। **(ਦੋਵੇਂ ਆਰਡਰਡ ਅਤੇ ਅਨ–ਆਡਰਡ ਲਿਸਟਾਂ)**
8. ਜੇ ਚਿੱਤਰ ਬ੍ਰਾਉਜਰ ਵਿੱਚ ਲੋਡ ਨਹੀਂ ਕਰ ਸਕਦਾ ਤਾਂ ਟੈਕਸਟ ਨੂੰ ਪ੍ਰਦਰਸ਼ਿਤ ਕਰਨ ਲਈ img ਟੈਗ ਨਾਲ ਕਿਹੜਾ ਗੁਣ ਵਰਤਿਆ ਜਾਂਦਾ ਹੈ **(alt)**
9. ਇੱਕ ਵੈਬਪੇਜ ਤਸਵੀਰ ਦਿਖਾਉਂਦਾ ਹੈ। ਇਸ ਤਸਵੀਰ ਨੂੰ ਪ੍ਰਦਰਸ਼ਿਤ ਕਰਨ ਲਈ ਕਿਹੜਾ ਟੈਗ ਵਰਤਿਆ ਗਿਆ ਹੈ। **(<img>)**
10. ਕਿਹੜਾ ਟੈਗ ਤੁਹਾਡੇ ਵੈੱਬ ਪੇਜ ਤੇ ਹਾਰੀਜੋਂਟਲ ਲਾਈਲ ਬਣਾਉਂਦਾ ਹੈ? **(<hr>)**
11. ਕਿਹੜਾ ਟੈਗ ਤੁਹਾਨੂੰ ਇੱਕ ਸਾਰਣੀ ਵਿੱਚ ਇੱਕ ਕਤਾਰ ਸ਼ਾਮਲ ਕਰਨ ਦੀ ਇਜ਼ਾਜਤ ਦਿੰਦਾ ਹੈ? **(<tr> ਅਤੇ </tr>)**
12. HTML ਦਾ ਪੂਰਾ ਰੂਪ ਕੀ ਹੈ? **(Hyper Text Markup Language)**
13. FTP ਪ੍ਰੋਗਰਾਮ ਕਿਸ ਕੰਮ ਲਈ ਵਰਤਿਆ ਜਾਂਦਾ ਹੈ। **(ਸਰਵਰ ਤੋਂ ਫਾਈਲਾਂ ਟ੍ਰਾਂਸਫਰ ਕਰਨ ਲਈ)**
14. ਕਿਹੜਾ ਟੈਗ ਪਾਵਰ ਨੂੰ ਦਰਸ਼ਾਉਂਣ ਲਈ ਵਰਤਿਆ ਜਾਂਦਾ ਹੈ? **(<SUP>)**
15. HTML ਵਿੱਚ ਡਿਜ਼ਾਇਨ ਕੀਤੇ ਪੇਜ ਨੂੰ ਕੀ ਕਹਿੰਦੇ ਹਨ? **(ਵੈੱਬ ਪੇਜ)**
16. HTML ਦਸਤਾਵੇਜ਼ ਨੂੰ ਸੇਵ ਕਰਨ ਲਈ ____ ਐਕਸਟੈਂਸ਼ਨ ਵਰਤੀ ਜਾਂਦੀ ਹੈ? **(.htm or .html)**
17. HTML ਟੈਗਜ਼ _____ ਬਰੈਕਟਾਂ ਵਿੱਚ ਵਰਤੇ ਜਾਂਦੇ ਹਨ? **(Angle , <>)**
18. ______ ਵੈੱਬ ਪੇਜ ਨੂੰ ਆਪਸ ਵਿੱਚ ਜੋੜਦਾ ਹੈ? **(Hyperlink)**
19. ਇਹਨਾਂ ਵਿੱਚੋਂ ਕਿਹੜਾ ਸੈਕਸ਼ਨ ਵਰਤ ਕੇ ਟੈਕਸਟ ਅਤੇ ਟੈਗਜ਼ ਸਿੱਧੇ ਦਿਖਾਏ ਜਾਂਦੇ ਹਨ? **(html)**
20. ਇਹਨਾਂ ਵਿੱਚੋਂ ਕਿਹੜੀ ਚੀਜ਼ ਬਰਾਉਜ਼ਰ ਅਤੇ ਸਰਚ ਇੰਜਣਾਂ ਦੁਆਰਾ ਸਟੋਰ ਕਰਕੇ ਵਰਤੀ ਜਾਂਦੀ ਹੈ? **(Cookies)**
21. <HR> ਟੈਗ ਲੇਟਵੀਂ ਕਤਾਰ ਬਣਾਉਣ ਲਈ ਵਰਤਿਆ ਜਾਂਦਾ ਹੈ। ਉਸ ਦੇ ਐਟਰੀਬੀਊਟਸ ਹੇਠ ਲਿਖੇ ਅਨੁਸਾਰ ਹਨ। **(All of the above)**
    1. Size 2. Width 3. Align 4. All of the above
22. <table> ਵਿੱਚ ਹੋਰ ਵਰਤੇ ਜਾਂਦੇ ਟੈਗਜ਼ ਹੇਠ ਲਿਖੇ ਅਨੁਸਾਰ ਹਨ। **(all of the above)**
    1. <TR> 2 <TD> 3 <TH> 4 All of the above

### ਖਾਲੀ ਥਾਵਾਂ ਭਰੋ:

1. HTML ਦਾ ਪੂਰਾ ਨਾਂ **Hyper Text Markup Language** ਹੈ।
2. **ਵੈੱਬ ਬ੍ਰਾਉਜ਼ਰ** ਸਾਫਟਵੇਅਰ ਨੂੰ ਇੱਕ ਵੈੱਬ ਪੇਜ ਤੇ ਪਹੁੰਚ ਕਰਨ ਲਈ ਵਰਤਿਆ ਜਾਂਦਾ ਹੈ।
3. ਐਚ. ਟੀ. ਐਮ. ਐਲ. ਦੇ ਤੱਤ ਦੋ ਕਿਸਮਾਂ **ਕੰਟੇਨਰ** ਅਤੇ **ਐਂਪਟੀ** ਹਨ।
4. ਇੱਕ ਅਨ-ਆਰਗਨਾਇਜ਼ਡ ਲਿਸਟ ਦਰਸ਼ਾਉਣ ਲਈ **ਅਨ–ਆਰਡਰਡ** ਸੂਚੀ ਵਰਤੀ ਜਾਂਦੀ ਹੈ।
5. **LI** ਟੈਗ ਨੂੰ ਸੂਚੀ ਦੇ ਐਲੀਮੈਂਟ ਪ੍ਰਭਾਸ਼ਿਤ ਕਰਨ ਲਈ ਵਰਤਿਆ ਜਾਂਦਾ ਹੈ।
6. **Background** ਐਟ੍ਰੀਬਿਊਟ ਨੂੰ ਦਿੱਤੀ ਲਿਸਟ ਵਿੱਚ ਬੈਕਗ੍ਰਾਉਂਡ ਤੇ ਪਿਕਚਰ ਸੈੱਟ ਕਰਨ ਲਈ ਵਰਤਿਆ ਜਾਂਦਾ ਹੈ।
7. ALT ਦਾ ਮਤਲਬ ਹੈ **ਅਲਟਰਨੇਟ ਟੈਕਸਟ**।
8. **CELL SPACING** table ਵਿੱਚ ਵਿਅਕਤੀਗਤ ਡਾਟਾ ਸੈਲਸ ਦੇ ਵਿਚਕਾਰ ਪਿਕਸਲ ਦੀ ਹੈ।
9. **<BODY>** ਐਚ. ਟੀ. ਐਮ. ਐਲ. ਦਸਤਾਵੇਜ਼ ਦਾ ਮੁੱਖ ਹਿੱਸਾ ਹੈ ਜਿਸ ਵਿੱਚ ਵੈੱਬ ਪੇਜ ਦੇ ਬਾਰੇ ਸਾਰੀ ਜਾਣਕਾਰੀ ਮੌਜੂਦ ਹੈ।
10. **<TITLE>** ਵਿੱਚ ਟਾਈਟਲ ਸਾਮਲ ਹੁੰਦੇ ਹਨ ਜੋ ਕਿ ਐਚ. ਟੀ. ਐਮ. ਐਲ. ਦਸਤਾਵੇਜ਼ ਦੇ ਹੈਡਿੰਗ ਦੀ ਪਛਾਣ ਕਰਦਾ ਹੈ।

### ਸਹੀ ਜਾਂ ਗਲਤ:

1. ਐਚ. ਟੀ. ਐਮ. ਐਲ. ਇੱਚ ਸਟਰਕਚਰਡ ਭਾਸ਼ਾ ਹੈ। (**ਸਹੀ**)
2. ਟੇਬਲ ਸਿਰਲੇਖ <TH> ਟੈਗ ਨਾਲ ਸ਼ੁਰੂ ਹੁੰਦਾ ਹੈ ਅਤੇ </TH> ਟੈਗ ਨਾਲ ਖਤਮ ਹੁੰਦਾ ਹੈ(**ਸਹੀ**)
3. ਅਲਾਈਨ ਟੈਗ ਵੈੱਬਪੇਜ ਦੀਆਂ ਹੋਰ ਕੰਨਟੈਂਟ ਦੇ ਮੁਕਾਬਲੇ ਅਟੈਚ ਇਮੇਜਾਂ ਦੀ ਅਲਾਈਨਮੈਂਟ ਨਹੀਂ ਕਰਦਾ (**ਸਹੀ**)
4. ਸੈਲ ਪੈਡਿੰਗ ਸੈੱਲ ਸੰਖੇਪਾਂ ਅਤੇ ਸੈੱਲ ਦੀ ਸਰਹੱਦ ਵਿਚਕਾਰ ਪਿਕਸਲ ਸਪੇਸ ਹੈ। (**ਸਹੀ**)
5. ਪਰਿਭਾਸ਼ਾ ਸੂਚੀ ਵਿੱਚ ਆਮ ਤੌਰ ਤੇ ਵੱਖ-ਵੱਖ ਨਿਯਮ ਅਤੇ ਉਹਨਾਂ ਦੇ ਅਰਥ ਦੇ ਪਰਿਭਾਸ਼ਾ ਸ਼ਾਮਲ ਹੁੰਦੇ ਹਨ। (**ਸਹੀ**)

### ਪੂਰਾ ਰੂਪ ਲਿਖੋ

1. **HTML** : Hyper Text Markup Language.
2. **<B>** :BOLD
3. **<I>** :ITALIC
4. **<U>** :UNDERLINE
5. **<OL>** :ORDERED LIST
6. **<UL>** :UNORDERED LIST
7. **<P>** :PARAGRAPH
8. **<BR>** :BREAK LINE
9. **SRC** : SOURCE
10. **<IMG>** : IMAGE
11. **<TR>** : TABLE ROW
12. **<TH>** : TABLE HEADING
13. **<TD>** : TABLE DATA
14. **LI** : LIST ITEM
15. **URL** : UNIFORM RESOURCES LOCATOR

### ਬਹੁਤ ਛੋਟੇ ਪ੍ਰਸ਼ਨ ਉੱਤਰ

**1. ਐਚ. ਟੀ. ਐਮ. ਐਲ. ਕਿਸ ਨੇ ਡਿਜ਼ਾਇਨ ਕੀਤੀ?** **ਉਤਰ:** ਟਿਮ ਬਰਨਰਸ ਲੀ

**2. ਉਸ ਟੈਗ ਦਾ ਨਾਮ ਦੱਸੋ ਜੋ ਸ਼ੁਰੂ ਅਤੇ ਅੰਤ ਵਿੱਚ ਵਰਤਿਆ ਜਾਂਦਾ ਹੈ?** **ਉਤਰ:** <HTML>

**3. ਉਸ ਟੈਗ ਦਾ ਨਾਮ ਦੱਸੋ ਜਿਸ ਵਿੱਚ ਸਾਰੇ ਵੈੱਬਪੇਜ ਦੀ ਸੂਚਨਾ ਸਟੋਰ ਹੁੰਦੀ ਹੈ?** **ਉਤਰ:** <BODY>

**4. ਐਚ. ਟੀ. ਐਮ. ਐਲ. ਦਸਤਾਵੇ ਨੂੰ ਸੇਵ ਕਰਨ ਲਈ ਕਿਹੜੀ ਐਕਟੈਂਸ਼ਨ ਵਰਤੀ ਜਾਦੀ ਹੈ?** **ਉਤਰ:** .htm ਜਾਂ .html

**5. ਉਸ ਟੈਗ ਦਾ ਨਾਮ ਦੱਸੋ ਜੋ ਕਿ ਐਂਪਟੀ ਟੈਗ ਹੈ ਅਤੇ ਇੱਕ ਲਾਈਨ ਨੂੰ ਤੋੜਨ ਲਈ ਵਰਤਿਆ ਜਾਂਦਾ ਹੈ?** **ਉਤਰ:** <BR>

**6. ਇੱਕ ਵੈੱਬਪੇਜ਼ ਵਿੱਚ ਵਿੱਚ ਇਮੇਜ਼ ਲਗਾਉਣ ਲਈ ਟੈਗ ਵਰਤਿਆ ਜਾਂਦਾ ਹੈ? (<image src=""Filename">)**

**ਉੱਤਰ:** ਨਹੀਂ। ਸਹੀ ਟੈਗ ਹੋਵੇਗਾ: <img src="Filename">

### ਛੋਟੇ ਉਤੱਰਾਂ ਵਾਲੇ ਪ੍ਰਸ਼ਨ

**ਪ੍ਰ:1 HTML ਕੀ ਹੈ?**

ਉ: HTML ਦਾ ਪੂਰਾ ਨਾਂ ਹਾਈਪਰ ਟੈਕਸਟ ਮਾਰਕਅਪ ਲੈਂਗੁਏਜ਼ ਹੈ। ਇਹ ਇਕ ਸਾਧਾਰਨ ਭਾਸ਼ਾ ਹੈ। ਇਹ ਟੈਕਸਟ ਬੇਸ ਹੁੰਦੀ ਹੈ। ਇਸਦੀ ਵਰਤੋਂ ਵੈਬ ਪੇਜ਼ ਤਿਆਰ ਕਰਨ ਲਈ ਕੀਤੀ ਜਾਂਦੀ ਹੈ। ਵੈਬ ਪੇਜ਼ਾਂ ਨੂੰ ਵੈਬ ਡਾਕੂਮੈਂਟ ਵੀ ਕਿਹਾ ਜਾਂਦਾ ਹੈ। ਵੈਬ ਪੇਜ਼ਾਂ ਦੇ ਸਮੂਹ ਨੂੰ ਵੈਬਸਾਈਟ ਕਿਹਾ ਜਾਂਦਾ ਹੈ।ਵੈਬ ਪੇਜ਼ ਵਿਚ ਵਰਤੀਆਂ ਜਾਣ ਵਾਲੀਆਂ HTML ਦੀਆਂ ਕਮਾਂਡਜ਼ ਨੂੰ ਟੈਗਜ਼ ਕਿਹਾ ਜਾਂਦਾ ਹੈ। ਟੈਗਜ਼ ਕੁੱਝ ਖਾਸ ਨਿਰਦੇਸ਼ ਹੁੰਦੇ ਹਨ ਜੋ ਵੈਬ ਬ੍ਰਾਊਜ਼ਰ ਨੂੰ ਵਿਸ਼ੇਸ਼ ਕਾਰਜ ਕਰਨ ਲਈ ਨਿਰਦੇਸ਼ ਦਿੰਦੇ ਹਨ। ਟੈਗ ਨੂੰ ਐਂਗਲ ਬ੍ਰੈਕਟਾਂ (<>) ਨਾਲ ਦਰਸ਼ਾਇਆ ਜਾਂਦਾ ਹੈ। HTML ਵਿਚ ਦੋ ਕਿਸਮਾਂ ਦੇ ਟੈਗ ਵਰਤੇ ਜਾਂਦੇ ਹਨ: ਕੰਟੇਨਰ ਟੈਗ ਅਤੇ ਐਂਪਟੀ ਟੈਗ।

**ਪ੍ਰ: 2 ਵੈਬ ਬਰਾਊਜ਼ਰ ਦੀ ਵਿਆਖਿਆ ਕਰੋ।**

**ਉ:** ਵੈਬ ਬਰਾਊਜ਼ਰ ਇਕ ਐਪਲੀਕੇਸ਼ਨ ਸਾਫਟੇਵਅਰ ਹੈ। ਇਸ ਦੀ ਵਰਤੋਂ ਵੈਬ ਪੇਜ਼ ਦੇਖਣ ਲਈ ਕੀਤੀ ਜਾਂਦੀ ਹੈ। ਇੰਟਰਨੈਟ ਐਕਸਪਲੋਰਰ, ਗੂਗਲ ਕਰੋਮ, ਮੋਜ਼ੀਲਾ ਫਾਇਰਫੋਕਸ, ਓਪੇਰਾ ਆਦਿ ਕੁੱਝ ਆਮ ਵਰਤੇ ਜਾਣ ਵਾਲੇ ਵੈਬ ਬਰਾਊਜ਼ਰਾਂ ਦੀਆਂ ਉਦਾਹਰਣਾਂ ਹਨ।ਇੰਟਰਨੈਟ ਐਕਸਪਲੋਰਰ ਵਰਲਡ ਵਾਈਡ ਵੈਬ ਦਾ ਸਭ ਤੋਂ ਜਿਆਦਾ ਵਰਤਿਆ ਜਾਣ ਵਾਲਾ ਵੈਬ ਬਰਾਊਜ਼ਰ ਹੈ।ਇਹ ਮਾਈਕਰੋਸਾਫਟ ਵਿੰਡੋਜ਼ ਓਪਰੇਟਿੰਗ ਸਿਸਟਮ ਵਿਚ ਪਹਿਲਾਂ ਤੋਂ ਹੀ ਮੌਜੂਦ ਹੁੰਦਾ ਹੈ।

**ਪ੍ਰ: 3 <Head> ਅਤੇ <Title> ਟੈਗ ਨੂੰ ਸਮਝਾਓ।**

**ਉ:** <Head> ਟੈਗ ਇਕ ਕੰਟੇਨਰ ਟੈਗ ਹੈ। ਇਹ <Head> ਟੈਗ ਨਾਲ ਸ਼ੁਰੂ ਹੁੰਦਾ ਹੈ ਅਤੇ </Head> ਟੈਗ ਨਾਲ ਬੰਦ ਹੁੰਦਾ ਹੈ। ਇਸ ਟੈਗ ਵਿਚ ਵੈਬ ਪੇਜ਼ ਸੰਬੰਧੀ ਹੈਡਰ ਸੂਚਨਾ ਹੁੰਦੀ ਹੈ। <Head> ਟੈਗ ਵਿਚ <Title> ਟੈਗ ਲਿਖਿਆ ਜਾਂਦਾ ਹੈ। <Title> ਟੈਗ ਵੈਬ ਪੇਜ਼ ਦਾ ਸਿਰਲੇਖ ਪਰਿਭਾਸ਼ਿਤ ਕਰਨ ਲਈ ਵਰਤਿਆ ਜਾਂਦਾ ਹੈ। ਉਦਾਹਰਣ ਲਈ:

```
<Head>
        <Title> Welcome </Title>
</Head>
```

**ਪ੍ਰ: 4 ਬਾਡੀ <body> ਟੈਗ ਦਾ ਉਦੇਸ਼ ਕੀ ਹੈ?**

**ਉ:** <Body> ਟੈਗ ਦੀ ਵਰਤੋਂ ਡਾਕੂਮੈਂਟ ਦੀ ਬਾਡੀ ਦਿਖਾਉਣ ਲਈ ਕੀਤੀ ਜਾਂਦੀ ਹੈ। ਵੈਬ ਪੇਜ਼ ਦੀ ਸਾਰੀ ਸਮੱਗਰੀ ਇਸ ਟੈਗ ਵਿਚਕਾਰ ਹੀ ਲਿਖੀ ਜਾਂਦੀ ਹੈ।ਇਸ ਟੈਗ ਇਕ ਕੰਟੇਨਰ ਟੈਗ ਹੈ। ਇਹ <Body> ਟੈਗ ਨਾਲ ਸ਼ੁਰੂ ਹੁੰਦਾ ਹੈ ਅਤੇ </Body> ਟੈਗ ਨਾਲ ਬੰਦ ਹੁੰਦਾ ਹੈ।ਉਦਾਹਰਣ ਲਈ:

```
<Body>
        Welcome to my web page
</Body>
```

**ਪ੍ਰ: 5 ਇੱਕ ਟੈਗ ਕੀ ਹੈ?**

**ਉ:** ਵੈਬ ਪੇਜ਼ ਵਿਚ ਵਰਤੀਆਂ ਜਾਣ ਵਾਲੀਆਂ HTML ਦੀਆਂ ਕਮਾਂਡਜ਼ ਨੂੰ ਟੈਗਜ਼ ਕਿਹਾ ਜਾਂਦਾ ਹੈ। ਟੈਗਜ਼ ਕੁੱਝ ਖਾਸ ਨਿਰਦੇਸ਼ ਹੁੰਦੇ ਹਨ ਜੋ ਵੈਬ ਬ੍ਰਾਊਜ਼ਰ ਨੂੰ ਵਿਸ਼ੇਸ਼ ਕਾਰਜ ਕਰਨ ਲਈ ਨਿਰਦੇਸ਼ ਦਿੰਦੇ ਹਨ। ਟੈਗ ਨੂੰ ਐਂਗਲ ਬ੍ਰੈਕਟਾਂ (<>) ਨਾਲ ਦਰਸ਼ਾਇਆ ਜਾਂਦਾ ਹੈ। HTML ਵਿਚ ਦੋ ਕਿਸਮਾਂ ਦੇ ਟੈਗ ਵਰਤੇ ਜਾਂਦੇ ਹਨ:

**1. ਕੰਟੇਨਰ ਟੈਗ:** ਇਹਨਾਂ ਨੂੰ ਪੇਅਰ ਟੈਗ ਜਾਂ ਕੰਪੇਨੀਅਨ ਟੈਗ ਵੀ ਕਿਹਾ ਜਾਂਦਾ ਹੈ। ਇਹ ਡਾਕੂਮੈਂਟ ਵਿਚ ਦੋ ਵਾਰ ਵਰਤੇ ਜਾਂਦੇ ਹਨ। ਉਦਾਹਰਣ ਲਈ: <B>Hello</B>

**2. ਐਂਪਟੀ ਟੈਗ:** ਇਹਨਾਂ ਨੂੰ ਸਿੰਗੂਲਰ ਟੈਗ ਵੀ ਕਿਹਾ ਜਾਂਦਾ ਹੈ।ਇਹ ਡਾਕੂਮੈਂਟ ਵਿਚ ਇਕ ਵਾਰ ਵਰਤਿਆ ਜਾਂਦਾ ਹੈ।ਉਦਾਹਰਣ ਲਈ:<BR> ਟੈਗ

**ਪ੍ਰ: 6 HTML ਵਿਚ ਵਰਤੀਆਂ ਜਾਣ ਵਾਲੀਆਂ ਵੱਖ-ਵੱਖ ਪ੍ਰਕਾਰ ਦੀਆਂ ਸੂਚੀਆਂ/ਲਿਸਟਾਂ ਕਿਹੜੀਆਂ ਹਨ?**

ਉ: ਲਿਸਟ/ਸੂਚੀ ਇਕੋ ਵਰਗੀਆਂ ਚੀਜ਼ਾਂ ਦੀ ਸੂਚੀ ਹੁੰਦੀ ਹੈ। HTML ਵਿਚ ਹੇਠਾਂ ਲਿਖਿਆਂ 3 ਪ੍ਰਕਾਰ ਦੀਆਂ ਲਿਸਟਾਂ ਵਰਤੀਆਂ ਜਾਂਦੀਆਂ ਹਨ:

1. **ਆਰਡਰਡ ਲਿਸਟ**: ਇਹ ਨੰਬਰਡ ਲਿਸਟ ਹੁੰਦੀ ਹੈ। ਇਸ ਲਈ <OL> ਟੈਗ ਦੀ ਵਰਤੋਂ ਕੀਤੀ ਜਾਂਦੀ ਹੈ।
2. **ਅਨ-ਆਰਡਰਡ ਲਿਸਟ**: ਇਹ ਬੁਲੇਟਡ ਲਿਸਟ ਹੁੰਦੀ ਹੈ। ਇਸ ਲਈ <UL> ਟੈਗ ਦੀ ਵਰਤੋਂ ਕੀਤੀ ਜਾਂਦੀ ਹੈ।
3. **ਡੈਫੀਨੇਸ਼ਨ ਲਿਸਟ**: ਇਹ ਸ਼ਬਦਾਂ ਦੀ ਪਰੀਭਾਸ਼ਾ ਦੀ ਲਿਸਟ ਹੁੰਦੀ ਹੈ। ਇਸ ਲਈ <DL> ਟੈਗ ਦੀ ਵਰਤੋਂ ਕੀਤੀ ਜਾਂਦੀ ਹੈ।

**ਪ੍ਰ:7 <IMG> ਟੈਗ ਕੀ ਹੈ? ਸਮਝਾਓ।**

ਉ: ਵੈਬਪੇਜ਼ ਵਿਚ ਤਸਵੀਰ ਲਗਾਉਣ ਲਈ <IMG> ਟੈਗ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਐਂਪਟੀ ਟੈਗ ਹੈ। ਇਸ ਨੂੰ <IMG> ਟੈਗ ਨਾਲ ਸ਼ੁਰੂ ਕੀਤਾ ਜਾਂਦਾ ਹੈ ਪਰੰਤੂ ਇਸਨੂੰ ਬੰਦ ਨਹੀਂ ਕੀਤਾ ਜਾਂਦਾ ਹੈ। <IMG> ਟੈਗ ਵਿਚ SRC ਐਟਰੀਬਿਊਟ ਦੀ ਮਦਦ ਨਾਲ ਤਸਵੀਰ ਦਾ ਐਡਰੈਸ ਸੈਟ ਕੀਤਾ ਜਾਂਦਾ ਹੈ। ਉਦਾਹਰਣ ਲਈ: <IMG SRC= "abc.jpg">

**ਪ੍ਰ:8 ਇੱਕ ਟੇਬਲ ਬਨਾਉਣ ਲਈ ਕਿਹੜੇ-ਕਿਹੜੇ ਟੈਗ ਵਰਤੇ ਜਾਂਦੇ ਹਨ?**

ਉ: ਟੇਬਲ ਬਨਾਉਣ ਲਈ ਹੇਠ ਲਿਖੇ ਟੈਗ ਵਰਤੇ ਜਾਂਦੇ ਹਨ:

1. **<Table> ਟੈਗ**: ਇਸ ਟੈਗ ਦੀ ਵਰਤੋਂ ਟੇਬਲ ਨੂੰ ਸ਼ੁਰੂ ਅਤੇ ਬੰਦ ਕਰਨ ਲਈ ਕੀਤੀ ਜਾਂਦੀ ਹੈ।
2. **<TR> ਟੈਗ**: ਇਸਦਾ ਪੂਰਾ ਨਾਂ ਟੇਬਲ ਰੋਅ ਹੈ। ਇਸ ਦੀ ਵਰਤੋਂ ਟੇਬਲ ਵਿਚ ਰੋਅ ਦਾਖਲ ਕਰਨ ਲਈ ਕੀਤੀ ਜਾਂਦੀ ਹੈ।
3. **<TH> ਟੈਗ**: ਇਸਦਾ ਪੂਰਾ ਨਾਂ ਟੇਬਲ ਹੈਡਿੰਗ ਹੈ। ਇਸਦੀ ਵਰਤੋਂ ਟੇਬਲ ਵਿਚ ਕਾਲਮ ਦਾ ਨਾਂ ਲਿਖਣ ਲਈ ਕੀਤੀ ਜਾਂਦੀ ਹੈ।
4. **<TD> ਟੈਗ**: ਇਸਦਾ ਪੂਰਾ ਨਾਂ ਟੇਬਲ ਡਾਟਾ ਹੈ। ਇਸਦੀ ਵਰਤੋਂ ਟੇਬਲ ਦੇ ਸੈਲਾਂ ਵਿਚ ਡਾਟਾ ਲਿਖਣ ਲਈ ਕੀਤੀ ਜਾਂਦੀ ਹੈ।

**ਪ੍ਰ:9 ਨੈੱਸਟਿਡ ਲਿਸਟ ਦਾ ਵਰਨਣ ਕਰੋ?**

ਉ: ਜਦੋਂ ਇਕ ਲਿਸਟ ਵਿਚ ਕੋਈ ਦੂਜੀ ਲਿਸਟ ਲਿਖੀ ਜਾਂਦੀ ਹੈ ਤਾਂ ਉਹ ਨੈਸਟਿਡ ਲਿਸਟ ਬਣ ਜਾਂਦੀ ਹੈ। HTML ਵਿਚ ਨੈਸਟਿਡ ਲਿਸਟ ਬਨਾਉਣ ਲਈ ਕੋਈ ਵੱਖਰਾ ਟੈਗ ਨਹੀਂ ਵਰਤਿਆ ਜਾਂਦਾ।

**ਪ੍ਰ:10 ਫੌਂਟ <FONT> ਟੈਗ ਦਾ ਐਟਰੀਬਿਊਟਸ ਸਹਿਤ ਵਰਨਣ ਕਰੋ।**

ਉ: ।<Font> ਟੈਗ ਦੀ ਵਰਤੋਂ ਵੈਬ ਪੇਜ਼ ਵਿਚ ਟੈਕਸਟ ਦੇ ਸਟਾਈਲ, ਆਕਾਰ ਅਤੇ ਰੰਗ ਨੂੰ ਬਦਲਣ ਲਈ ਕੀਤੀ ਜਾਂਦੀ ਹੈ। <Font> ਟੈਗ ਇਕ ਕੰਟੇਨਰ ਟੈਗ ਹੈ। ਇਹ <Font> ਟੈਗ ਨਾਲ ਸ਼ੁਰੂ ਹੁੰਦਾ ਹੈ ਅਤੇ </Font> ਟੈਗ ਨਾਲ ਬੰਦ ਹੁੰਦਾ ਹੈ ਇਸਦੇ ਐਟਰੀਬਿਊਟਸ ਹੇਠ ਲਿਖੇ ਹਨ:

1. Face: ਇਸਦੀ ਵਰਤੋਂ ਫੌਂਟ ਦੇ ਨਾਂ ਨੂੰ ਸੈੱਟ ਕਰਨ ਲਈ ਕੀਤੀ ਜਾਂਦੀ ਹੈ।
2. Size: ਇਸਦੀ ਵਰਤੋਂ ਫੌਂਟ ਦੇ ਆਕਾਰ ਨੂੰ ਬਦਲਣ ਲਈ ਕੀਤੀ ਜਾਂਦੀ ਹੈ।
3. Color: ਇਸਦੀ ਵਰਤੋਂ ਫੌਂਟ ਦੇ ਰੰਗ ਨੂੰ ਬਦਲਣ ਲਈ ਕੀਤੀ ਜਾਂਦੀ ਹੈ।

ਉਦਾਹਰਣ ਲਈ: <font face="arial" size="2" color="red">Hello</font>

## ਹੇਠ ਲਿਖਿਆਂ ਵਿਚ ਅੰਤਰ ਲਿਖੋ

**ਪ੍ਰ:1 ਆਰਡਰਡ ਲਿਸਟ ਅਤੇ ਅਨ-ਆਰਡਰਡ ਲਿਸਟ ਵਿਚ ਅੰਤਰ ਲਿਖੋ।**

ਉ: ਆਰਡਰਡ ਅਤੇ ਅਨਆਰਡਰਡ ਲਿਸਟਾਂ ਵਿਚ ਮੁੱਖ ਅੰਤਰ ਇਸ ਪ੍ਰਕਾਰ ਹਨ:

| ਆਰਡਰਡ ਲਿਸਟ | ਅਨਆਰਡਰਡ ਲਿਸਟ |
|---|---|
| 1. ਇਸ ਲਈ <OL> ਟੈਗ ਦੀ ਵਰਤੋਂ ਕੀਤੀ ਜਾਂਦੀ ਹੈ। | 1. ਇਸ ਲਈ <UL> ਟੈਗ ਦੀ ਵਰਤੋਂ ਕੀਤੀ ਜਾਂਦੀ ਹੈ। |
| 2. ਇਸਨੂੰ ਨੰਬਰਡ ਲਿਸਟ ਕਿਹਾ ਜਾਂਦਾ ਹੈ। | 2. ਇਸਨੂੰ ਬੂਲੇਟਡ ਲਿਸਟ ਕਿਹਾ ਜਾਂਦਾ ਹੈ। |
| 3. ਇਸ ਲਿਸਟ ਵਿਚ ਸੂਚੀ ਬਨਾਉਣ ਲਈ ਲੜੀ ਨੰਬਰਾਂ ਦੀ ਵਰਤੋਂ ਹੁੰਦੀ ਹੈ। | 3. ਇਸ ਲਿਸਟ ਵਿਚ ਸੂਚੀ ਬਨਾਉਣ ਲਈ ਬੂਲੇਟ ਦੀ ਵਰਤੋਂ ਹੁੰਦੀ ਹੈ। |
| 4. ਇਸ ਵਿਚ Type ਐਟਰੀਬਿਊਟ: a, A, i ,I, 1 ਹਨ। | 4. ਇਸ ਵਿਚ Type ਐਟਰੀਬਿਊਟ: circle, disc ਅਤੇ square ਹਨ। |

**ਪ੍ਰ:2 BGCOLOR ਅਤੇ BACKGROUND ਵਿਚ ਅੰਤਰ ਲਿਖੋ।**

ਉ: **BGCOLOR** <Body> ਟੈਗ ਵਿਚ ਵਰਤਿਆ ਜਾਣ ਵਾਲਾ ਐਟਰੀਬਿਊਟ ਹੈ। BGCOLOR ਦਾ ਪੂਰਾ ਨਾਂ ਬੈਕਗ੍ਰਾਊਂਡ ਕਲਰ ਹੈ। ਇਸ ਐਟਰੀਬਿਊਟ ਦੀ ਵਰਤੋਂ ਵੈਬਪੇਜ਼ ਦਾ ਬੈਕਗ੍ਰਾਊਂਡ ਕਲਰ ਬਦਲਣ ਲਈ ਕੀਤੀ ਜਾਂਦੀ ਹੈ।ਉਦਾਹਰਣ ਲਈ:

<BODY BGCOLOR="RED">

**BACKGROUND** <Body> ਟੈਗ ਵਿਚ ਵਰਤਿਆ ਜਾਣ ਵਾਲਾ ਐਟਰੀਬਿਊਟ ਹੈ। ਵੈਬ ਪੇਜ਼ ਦੀ ਬੈਕਗ੍ਰਾਊਂਡ ਤੇ ਤਸਵੀਰ ਲਗਾਉਣ ਲਈ BACKGROUND ਐਟਰੀਬਿਊਟ ਦੀ ਵਰਤੋਂ ਕੀਤੀ ਜਾਂਦੀ ਹੈ। ਉਦਾਹਰਣ ਲਈ:

<BODY BACKGROUND= "abc.jpg">

**ਪ੍ਰ:3 ਕੰਟੇਨਰ ਟੈਗ ਅਤੇ ਐਂਪਟੀ ਟੈਗ ਵਿਚ ਅੰਤਰ ਲਿਖੋ।**

ਉ: ਕੰਟੇਨਰ ਟੈਗ ਅਤੇ ਐਂਪਟੀ ਟੈਗ ਵਿਚ ਮੁੱਖ ਅੰਤਰ ਹੇਠ ਲਿਖੇ ਅਨੁਸਾਰ ਹਨ:

| ਕੰਟੇਨਰ ਟੈਗ | ਐਂਪਟੀ ਟੈਗ |
|---|---|
| 1. ਇਹਨਾਂ ਨੂੰ ਪੇਅਰ ਟੈਗ ਜਾਂ ਕੰਪੇਨੀਅਨ ਟੈਗ ਵੀ ਕਿਹਾ ਜਾਂਦਾ ਹੈ। | 1. ਇਹਨਾਂ ਨੂੰ ਸਿੰਗੂਲਰ ਟੈਗ ਵੀ ਕਿਹਾ ਜਾਂਦਾ ਹੈ। |
| 2. ਇਹ ਡਾਕੂਮੈਂਟ ਵਿਚ ਦੋ ਵਾਰ ਵਰਤੇ ਜਾਂਦੇ ਹਨ। | 2. ਇਹ ਡਾਕੂਮੈਂਟ ਵਿਚ ਇਕ ਵਾਰ ਵਰਤਿਆ ਜਾਂਦਾ ਹੈ। |

| | |
|---|---|
| 3. ਇਸ ਵਿਚ ਓਪਨਿੰਗ ਅਤੇ ਕਲੋਜ਼ਿੰਗ ਟੈਗ ਵਰਤਿਆ ਜਾਂਦਾ ਹੈ। | 3. ਇਸ ਵਿਚ ਕੇਵਲ ਓਪਨਿੰਗ ਟੈਗ ਵਰਤਿਆ ਜਾਂਦਾ ਹੈ। |
| 4. ਉਦਾਹਰਣ ਲਈ: <B>Hello</B> | 4. ਉਦਾਹਰਣ ਲਈ: <BR> ਟੈਗ |

**ਪ੍ਰ:4 ਕਾਲ ਸਪੇਨ ਅਤੇ ਰੋਅ ਸਪੇਨ ਵਿਚ ਅੰਤਰ ਲਿਖੋ ।**

ਉ: **ਕਾਲ ਸਪੇਨ:** HTML ਵਿਚ ਟੇਬਲ ਬਨਾਉਣ ਵਿਚ ਕਾਲ ਸਪੇਨ ਐਟਰੀਬਿਊਟ ਦੀ ਵਰਤੋਂ ਕੀਤੀ ਜਾ ਸਕਦੀ ਹੈ। ਇਹ <TD> ਜਾਂ <TH> ਟੈਗ ਦਾ ਐਟਰੀਬਿਊਟ ਹੈ। ਇਸ ਐਟਰੀਬਿਊਟ ਦੀ ਵਰਤੋਂ ਟੇਬਲ ਵਿਚ ਦੋ ਜਾਂ ਦੋ ਤੋਂ ਵੱਧ ਕਾਲਮ ਸੈਲਾਂ ਨੂੰ ਮਰਜ਼ (ਇਕੱਠਾ) ਕਰਨ ਲਈ ਕੀਤੀ ਜਾਂਦੀ ਹੈ।ਜੇਕਰ ਅਸੀਂ ਟੇਬਲ ਵਿਚ ਦੋ ਕਾਲਮ ਸੈਲਾਂ ਨੂੰ ਇਕੱਠਾ ਕਰਕੇ ਇਕ ਸੈਲ ਬਨਾਉਣਾ ਚਾਹੁੰਦੇ ਹਾਂ ਤਾਂ ਇਸ ਨੂੰ ਇਸ ਪ੍ਰਕਾਰ ਲਿਖਾਂਗੇ।

<TD colspan=2>

**ਰੋਅ ਸਪੇਨ:** HTML ਵਿਚ ਟੇਬਲ ਬਨਾਉਣ ਵਿਚ ਰੋਅ ਸਪੇਨ ਐਟਰੀਬਿਊਟ ਦੀ ਵਰਤੋਂ ਕੀਤੀ ਜਾ ਸਕਦੀ ਹੈ। ਇਹ <TD> ਜਾਂ <TH> ਟੈਗ ਦਾ ਐਟਰੀਬਿਊਟ ਹੈ। ਇਸ ਐਟਰੀਬਿਊਟ ਦੀ ਵਰਤੋਂ ਟੇਬਲ ਵਿਚ ਦੋ ਜਾਂ ਦੋ ਤੋਂ ਵੱਧ ਰੋਅ ਸੈਲਾਂ ਨੂੰ ਮਰਜ਼ (ਇਕੱਠਾ) ਕਰਨ ਲਈ ਕੀਤੀ ਜਾਂਦੀ ਹੈ।ਜੇਕਰ ਅਸੀਂ ਟੇਬਲ ਵਿਚ ਦੋ ਰੋਅ ਸੈਲਾਂ ਨੂੰ ਇਕੱਠਾ ਕਰਕੇ ਇਕ ਸੈਲ ਬਨਾਉਣਾ ਚਾਹੁੰਦੇ ਹਾਂ ਤਾਂ ਇਸ ਨੂੰ ਇਸ ਪ੍ਰਕਾਰ ਲਿਖਾਂਗੇ।

<TD rowspan=2>

**ਪ੍ਰ:5 ਸੈਲ ਸਪੇਸਿੰਗ ਅਤੇ ਸੈਲ ਪੈਡਿੰਗ ਵਿਚ ਅੰਤਰ ਲਿਖੋ।**

**ਉ: ਸੈਲ ਸਪੇਸਿੰਗ:** ਟੇਬਲ ਦੇ ਸੈਲਾਂ ਵਿਚਕਾਰ ਖਾਲੀ ਥਾਂ ਨੂੰ ਸੈਲ ਸਪੇਸਿੰਗ ਕਿਹਾ ਜਾਂਦਾ ਹੈ। HTML ਵਿਚ ਅਸੀਂ ਸੈਲਾਂ ਵਿਚਕਾਰ ਖਾਲੀ ਥਾਂ ਨੂੰ ਆਪਣੇ ਅਨੁਸਾਰ ਘਟਾਅ ਵਧਾਅ ਸਕਦੇ ਹਾਂ। ਇਸ ਕੰਮ ਲਈ <Table> ਟੈਗ ਵਿਚ cellspacing ਐਟਰੀਬਿਊਟ ਦੀ ਵਰਤੋਂ ਕੀਤੀ ਜਾਂਦੀ ਹੈ।ਉਦਾਹਰਣ ਲਈ: <Table cellspacing=10>

**ਸੈਲ ਪੈਡਿੰਗ:** ਟੇਬਲ ਵਿਚ ਸੈਲ ਬਾਰਡਰ ਅਤੇ ਟੈਕਸਟ ਵਿਚਲੀ ਦੂਰੀ ਨੂੰ ਸੈਲ ਪੈਡਿੰਗ ਕਿਹਾ ਜਾਂਦਾ ਹੈ।HTML ਵਿਚ ਅਸੀਂ ਸੈਲ ਬਾਰਡਰ ਅਤੇ ਟੈਕਸਟ ਵਿਚਕਾਰ ਦੂਰੀ ਨੂੰ ਆਪਣੇ ਅਨੁਸਾਰ ਘਟਾਅ ਵਧਾਅ ਸਕਦੇ ਹਾਂ। ਇਸ ਕੰਮ ਲਈ <Table> ਟੈਗ ਵਿਚ cellpadding ਐਟਰੀਬਿਊਟ ਦੀ ਵਰਤੋਂ ਕੀਤੀ ਜਾਂਦੀ ਹੈ।ਉਦਾਹਰਣ ਲਈ: <Table cellpadding=10>

**ਪ੍ਰ: 6 ਟੈਗ ਅਤੇ ਐਟਰੀਬਿਊਟ ਵਿਚ ਅੰਤਰ ਲਿਖੋ।**

**ਉ: ਟੈਗ:** ਵੈਬ ਪੇਜ਼ ਵਿਚ ਵਰਤੀਆਂ ਜਾਣ ਵਾਲੀਆਂ HTML ਦੀਆਂ ਕਮਾਂਡਜ਼ ਨੂੰ ਟੈਗਜ਼ ਕਿਹਾ ਜਾਂਦਾ ਹੈ। ਟੈਗਜ਼ ਕੁੱਝ ਖਾਸ ਨਿਰਦੇਸ਼ ਹੁੰਦੇ ਹਨ ਜੋ ਵੈਬ ਬ੍ਰਾਊਜ਼ਰ ਨੂੰ ਵਿਸ਼ੇਸ਼ ਕਾਰਜ ਕਰਨ ਲਈ ਨਿਰਦੇਸ਼ ਦਿੰਦੇ ਹਨ। ਟੈਗ ਨੂੰ ਐਂਗਲ ਬ੍ਰੈਕਟਾਂ (<>) ਨਾਲ ਦਰਸ਼ਾਇਆ ਜਾਂਦਾ ਹੈ।

**ਐਟਰੀਬਿਊਟਸ**: ਇਹ ਟੈਗ ਦੀਆਂ ਵਿਸ਼ੇਸ਼ਤਾਵਾਂ ਨੂੰ ਦਰਸ਼ਾਉਂਦੇ ਹਨ। ਇਹਨਾਂ ਐਟਰੀਬਿਊਟਸ ਨੂੰ ਸ਼ੁਰੂਆਤੀ ਟੈਗ ਦੇ ਵਿਚ ਦਰਸ਼ਾਇਆ ਜਾਂਦਾ ਹੈ। ਉਦਾਹਰਣ ਲਈ: <BODY BGCOLOR="RED">

ਇਸ ਉਦਾਹਰਣ ਵਿਚ BODY ਟੈਗ ਨੂੰ ਦਰਸ਼ਾਉਂਦਾ ਹੈ ਅਤੇ BGCOLOR ਟੈਗ ਦੇ ਐਟਰੀਬਿਊਟ ਨੂੰ ਦਰਸ਼ਾਉਂਦਾ ਹੈ ਅਤੇ RED ਇਸਦੇ ਮੁੱਲ ਨੂੰ ਦਰਸ਼ਾਉਂਦਾ ਹੈ।

**ਪ੍ਰ: 7 <P> ਪੈਰਾਗ੍ਰਾਫ ਟੈਗ ਅਤੇ <BR> ਲਾਈਨ ਬਰੇਕ ਟੈਗ ਵਿਚ ਅੰਤਰ ਲਿਖੋ।**

**ਉ:** ਪੈਰਾਗ੍ਰਾਫ ਟੈਗ ਅਤੇ ਲਾਈਨ ਬਰੇਕ ਟੈਗ ਮੁੱਖ ਅੰਤਰ ਹੇਠ ਲਿਖੇ ਅਨੁਸਾਰ ਹਨ:

| **ਪੈਰਾਗ੍ਰਾਫ ਟੈਗ** | **ਲਾਈਨ ਬਰੇਕ ਟੈਗ** |
|---|---|
| 1. ਇਸ ਲਈ <P> ਟੈਗ ਦੀ ਵਰਤੋਂ ਕੀਤੀ ਜਾਂਦੀ ਹੈ। | 1. ਇਸ ਲਈ <BR> ਟੈਗ ਦੀ ਵਰਤੋਂ ਕੀਤੀ ਜਾਂਦੀ ਹੈ। |
| 2. ਇਹ ਕੰਟੇਨਰ ਟੈਗ ਹੈ। | 2. ਇਹ ਐਂਪਟੀ ਟੈਗ ਹੈ। |
| 3. ਇਸਦੀ ਵਰਤੋਂ ਪੈਰਾਗ੍ਰਾਫ ਬਨਾਉਣ ਲਈ ਕੀਤੀ ਜਾਂਦੀ ਹੈ। | 3. ਇਸਦੀ ਵਰਤੋਂ ਨਵੀਂ ਲਾਈਨ ਸ਼ੁਰੂ ਕਰਨ ਲਈਕੀਤੀ ਜਾਂਦੀ ਹੈ। |
| 4. ਉਦਾਹਰਣ: <P> This is a Paragraph</P> | 4. ਉਦਾਹਰਣ: Hello <BR> Students |

## ਵੱਡੇ ਉਤਰਾਂ ਵਾਲੇ ਪ੍ਰਸ਼ਨ

**ਪ੍ਰ:1 HTML ਦੇ ਬੁਨਿਆਦੀ ਢਾਂਚੇ ਦਾ ਵੇਰਵੇ ਸਹਿਤ ਵਰਨਣ ਕਰੋ।**

**ਉ:** HTML ਡਾਕੂਮੈਂਟ ਵੈਬਪੇਜ਼ ਨੂੰ ਦਰਸ਼ਾਉਂਦਾ ਹੈ। ਇਸਦੇ ਡਾਕੂਮੈਂਟ ਦੀ ਬਣਤਰ ਨੂੰ ਸਮਝਣਾ ਬਹੁਤ ਆਸਾਨ ਹੈ। ਇਹ ਡਾਕੂਮੈਂਟ <HTML> ਟੈਗ ਤੋਂ ਸ਼ੁਰੂ ਹੁੰਦਾ ਹੈ ਅਤੇ </HTML> ਟੈਗ ਨਾਲ ਬੰਦ ਹੁੰਦਾ ਹੈ। ਸਾਰਾ ਡਾਕੂਮੈਂਟ ਇਹਨਾਂ ਟੈਗਜ਼ ਵਿਚਕਾਰ ਹੀ ਲਿਖਿਆ ਜਾਂਦਾ ਹੈ। HTML ਡਾਕੂਮੈਂਟ ਦੇ ਦੋ ਭਾਗ ਹੁੰਦਾ ਹਨ: ਹੈਡ ਭਾਗ ਅਤੇ ਬਾਡੀ ਭਾਗ।

**ਹੈਡ ਭਾਗ:** ਹੈਡ ਭਾਗ ਨੂੰ <Head> ਟੈਗ ਨਾਲ ਦਰਸ਼ਾਇਆ ਜਾਂਦਾ ਹੈ। <Head> ਟੈਗ ਇਕ ਕੰਟੇਨਰ ਟੈਗ ਹੈ। ਇਹ <Head> ਟੈਗ ਨਾਲ ਸ਼ੁਰੂ ਹੁੰਦਾ ਹੈ ਅਤੇ </Head> ਟੈਗ ਨਾਲ ਬੰਦ ਹੁੰਦਾ ਹੈ। ਇਸ ਟੈਗ ਵਿਚ ਵੈਬ ਪੇਜ਼ ਸੰਬੰਧੀ ਹੈਡਰ ਸੂਚਨਾ ਹੁੰਦੀ ਹੈ। <Head> ਟੈਗ ਵਿਚ <Title> ਟੈਗ ਲਿਖਿਆ ਜਾਂਦਾ ਹੈ।<Title> ਟੈਗ ਵੈਬ ਪੇਜ਼ ਦਾ ਸਿਰਲੇਖ ਪਰਿਭਾਸ਼ਿਤ ਕਰਨ ਲਈ ਵਰਤਿਆ ਜਾਂਦਾ ਹੈ।

**ਬਾਡੀ ਭਾਗ:** ਬਾਡੀ ਭਾਗ ਨੂੰ <Body> ਟੈਗ ਨਾਲ ਦਰਸ਼ਾਇਆ ਜਾਂਦਾ ਹੈ। <Body> ਟੈਗ ਇਕ ਕੰਟੇਨਰ ਟੈਗ ਹੈ। ਇਹ <Body> ਟੈਗ ਨਾਲ ਸ਼ੁਰੂ ਹੁੰਦਾ ਹੈ ਅਤੇ </Body> ਟੈਗ ਨਾਲ ਬੰਦ ਹੁੰਦਾ ਹੈ। ਇਸ ਟੈਗ ਦੀ ਵਰਤੋਂ ਡਾਕੂਮੈਂਟ ਦੀ ਬਾਡੀ ਦਿਖਾਉਣ ਲਈ ਕੀਤੀ ਜਾਂਦੀ ਹੈ। ਵੈਬ ਪੇਜ਼ ਦੀ ਸਾਰੀ ਸਮੱਗਰੀ ਇਸ ਟੈਗ ਵਿਚਕਾਰ ਹੀ ਲਿਖੀ ਜਾਂਦੀ ਹੈ। ਉਦਾਹਰਣ ਲਈ:

```
<HTML>
        <Head>
                <Title>This is a Title</Title>
        </Head>
        <Body>
                Welcome to my Web page
        </Body>
</HTML>
```

**ਪ੍ਰ:2 ਅਸੀਂ ਇਕ ਸਾਧਾਰਣ ਵੈਬ ਪੇਜ਼ ਕਿਵੇਂ ਬਣਾ ਸਕਦੇ ਹਾਂ? ਵੇਰਵੇ ਸਹਿਤ ਵਰਨਣ ਕਰੋ।**

**ਉ:** ਇਕ ਵੈਬ ਪੇਜ਼ ਵਿਚ ਵੈਬ ਸਾਈਟ ਨਾਲ ਸੰਬੰਧਤ ਵੱਖ-ਵੱਖ ਤਰ੍ਹਾਂ ਦੀ ਜਾਣਕਾਰੀ ਸਟੋਰ ਹੁੰਦੀ ਹੈ। ਇਕ ਸਾਧਾਰਣ ਵੈਬ ਪੇਜ਼ ਬਨਾਉਣ ਲਈ HTML ਭਾਸ਼ਾ ਦੀ ਵਰਤੋਂ ਕੀਤੀ ਜਾਂਦੀ ਹੈ। HTML ਰਾਹੀਂ ਵੈਬ ਪੇਜ਼ ਬਨਾਉਣ ਲਈ ਕਿਸੇ ਵੀ ਟੈਕਸਟ ਐਡੀਟਰ ਦੀ ਵਰਤੋਂ ਕੀਤੀ ਜਾ ਸਕਦੀ ਹੈ, ਜਿਵੇਂ ਕਿ ਨੋਟਪੈਡ। ਨੋਟਪੈਡ ਵਿਚ ਇਕ ਸਾਧਾਰਣ ਵੈਬ ਪੇਜ਼ ਤਿਆਰ ਕਰਨ ਲਈ ਹੇਠ ਲਿਖੇ ਕੋਡ ਨੂੰ ਟਾਈਪ ਕਰੋ ਅਤੇ ਇਸਨੂੰ .html ਐਕਸਟੈਂਸ਼ਨ ਨਾਲ ਸੇਵ ਕਰੋ।

```
<HTML>
        <Head>
                <Title>This is a Title</Title>
        </Head>
        <Body>
                Welcome to my Web page
        </Body>
</HTML>
```

ਇਸ ਵੈਬ ਪੇਜ਼ ਨੂੰ ਕਿਸੇ ਵੈਬ ਬ੍ਰਾਉਜ਼ਰ (ਉਦਾਹਰਣ ਲਈ: ਇੰਟਰਨੈਟ ਐਕਸਪਲੋਰਰ) ਵਿਚ ਖੋਲ ਕੇ ਦੇਖਿਆ ਜਾ ਸਕਦਾ ਹੈ।

**ਪ੍ਰ:3 ਟੇਬਲ ਵਿਚ ਵਰਤੇ ਜਾਣ ਵਾਲੇ ਵੱਖ-ਵੱਖ ਟੈਗਸ ਕਿਹੜੇ ਹਨ? ਇਕ ਉਦਾਹਰਣ ਦੇ ਨਾਲ ਵਿਆਖਿਆ ਕਰੋ।**

**ਉ:** ਟੇਬਲ ਬਨਾਉਣ ਲਈ ਹੇਠ ਲਿਖੇ ਟੈਗ ਵਰਤੇ ਜਾਂਦੇ ਹਨ:

1. **<Table> ਟੈਗ**: ਇਸ ਟੈਗ ਦੀ ਵਰਤੋਂ ਟੇਬਲ ਨੂੰ ਸ਼ੁਰੂ ਅਤੇ ਬੰਦ ਕਰਨ ਲਈ ਕੀਤੀ ਜਾਂਦੀ ਹੈ।
2. **<TR> ਟੈਗ**: ਇਸਦਾ ਪੂਰਾ ਨਾਂ ਟੇਬਲ ਰੋਅ ਹੈ। ਇਸ ਦੀ ਵਰਤੋਂ ਟੇਬਲ ਵਿਚ ਰੋਅ ਦਾਖਲ ਕਰਨ ਲਈ ਕੀਤੀ ਜਾਂਦੀ ਹੈ।
3. **<TH> ਟੈਗ**: ਇਸਦਾ ਪੂਰਾ ਨਾਂ ਟੇਬਲ ਹੈਡਿੰਗ ਹੈ। ਇਸਦੀ ਵਰਤੋਂ ਟੇਬਲ ਵਿਚ ਕਾਲਮ ਦਾ ਨਾਂ ਲਿਖਣ ਲਈ ਕੀਤੀ ਜਾਂਦੀ ਹੈ।
4. **<TD> ਟੈਗ**: ਇਸਦਾ ਪੂਰਾ ਨਾਂ ਟੇਬਲ ਡਾਟਾ ਹੈ। ਇਸਦੀ ਵਰਤੋਂ ਟੇਬਲ ਦੇ ਸੈਲਾਂ ਵਿਚ ਡਾਟਾ ਲਿਖਣ ਲਈ ਕੀਤੀ ਜਾਂਦੀ ਹੈ।

ਉਦਾਹਰਣ ਲਈ:

```
<Table border="1">
        <TR><TH>Roll No</TH><TH>Name</TH></TR>
        <TR><TD> 1 </TD><TD>Ram Singh</TD></TR>
        <TR><TD> 2 </TD><TD>Sham Singh</TD></TR>
</Table>
```

Output:

| Roll No | Name |
|---|---|
| 1 | Ram Singh |
| 2 | Sham Singh |

**ਪ੍ਰ:4 ਇਕ ਉਦਾਹਰਣ ਦੇ ਨਾਲ ਆਰਡਰਡ ਲਿਸਟ ਸਮਝਾਓ।**

**ਉ:** ਇਹ ਨੰਬਰਡ ਲਿਸਟ ਹੁੰਦੀ ਹੈ। ਇਸ ਲਈ <OL> ਟੈਗ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਇਕ ਕੰਟੇਨਰ ਟੈਗ ਹੈ। ਇਸ ਟੈਗ ਵਿਚ ਆਈਟਮਾਂ ਦੀ ਲਿਸਟ ਬਨਾਉਣ ਲਈ <LI> ਟੈਗ ਦੀ ਵਰਤੋਂ ਕੀਤੀ ਜਾਂਦੀ ਹੈ। <LI> ਟੈਗ ਵਿਚ Type ਐਟਰੀਬਿਊਟ ਦੀ ਵਰਤੋਂ ਨਾਲ ਨੰਬਰਿੰਗ ਦੀ ਕਿਸਮ ਬਦਲੀ ਜਾ ਸਕਦੀ ਹੈ। Type ਐਟਰੀਬਿਊਟ ਦੇ ਮੁੱਲ a, A, i, I, ਅਤੇ 1 ਹੋ ਸਕਦੇ ਹਨ।

ਉਦਾਹਰਣ ਲਈ:

```
<OL Type="1">
        <LI>RED
        <LI>GREEN
        <LI>BLUE
</OL>
```

**Output:**

1. RED
2. GREEN
3. BLUE

**ਪ੍ਰ:5 ਇਕ ਉਦਾਹਰਣ ਦੇ ਨਾਲ ਡੈਫੀਨੇਸ਼ਨ ਲਿਸਟ ਦੀ ਸੂਚੀ ਪਰਿਭਾਸ਼ਿਤ ਕਰੋ।**

**ਉ:** ਇਹ ਸ਼ਬਦਾਂ ਦੀ ਪਰੀਭਾਸ਼ਾ ਦੀ ਲਿਸਟ ਹੁੰਦੀ ਹੈ। ਇਸ ਲਿਸਟ ਵਿਚ ਸ਼ਬਦ ਨੂੰ ਹੈਡਿੰਗ ਦੇ ਰੂਪ ਵਿਚ ਲਿਖ ਕੇ ਉਸਦੀ ਪਰੀਭਾਸ਼ਾ ਨੂੰ ਬਿਆਨ ਕੀਤਾ ਜਾਂਦਾ ਹੈ। ਡੈਫੀਨੇਸ਼ਨ ਲਿਸਟ ਲਈ <DL> ਟੈਗ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਇਕ ਕੰਟੇਨਰ ਟੈਗ ਹੈ। ਇਸਨੂੰ <DL> ਟੈਗ ਨਾਲ ਸ਼ੁਰੂ ਕੀਤਾ ਜਾਂਦਾ ਹੈ ਅਤੇ </DL> ਟੈਗ ਨਾਲ ਬੰਦ ਕੀਤਾ ਜਾਂਦਾ ਹੈ। <DL> ਟੈਗ ਵਿਚ ਲਿਸਟ ਬਨਾਉਣ ਲਈ <DT> ਟੈਗ ਅਤੇ <DD> ਟੈਗ ਵਰਤੇ ਜਾਂਦੇ ਹਨ। <DT> ਟੈਗ ਦਾ ਪੂਰਾ ਨਾਂ ਡੈਫੀਨੇਸ਼ਨ ਟਾਈਟਲ ਹੈ। ਇਸਦੀ ਵਰਤੋਂ ਲਿਸਟ ਵਿਚ ਸ਼ਬਦ ਨੂੰ ਹੈਡਿੰਗ ਦੇ ਤੌਰ ਤੇ ਲਿਖਣ ਲਈ ਕੀਤੀ ਜਾਂਦੀ ਹੈ। <DD> ਟੈਗ ਦਾ ਪੂਰਾ ਨਾਂ ਡੈਫੀਨੇਸ਼ਨ ਡਾਟਾ ਹੈ। ਇਸ ਟੈਗ ਦੀ ਵਰਤੋਂ ਲਿਸਟ ਵਿਚ ਸ਼ਬਦ ਦੀ ਪਰੀਭਾਸ਼ਾ ਲਿਖਣ ਲਈ ਕੀਤੀ ਜਾਂਦੀ ਹੈ। ਉਦਾਹਰਣ ਲਈ:

```
<DL>
        <DT>HTML</DT>
        <DD>Hyper Text Markup Language</DD>
        <DT>CSS</DT>
        <DD>Cascading Style Sheet</DD>
</DL>
```

**Output:**

**HTML**

Hyper Text Markup Language

**CSS**

Cascading Style Sheet

**ਪ੍ਰ:6 ਇਕ HTML ਡਾਕੂਮੈਂਟ ਵਿਚ ਇਮੇਜ਼/ਤਸਵੀਰ ਨੂੰ ਇਨਸਰਟ/ਸ਼ਾਮਿਲ ਕਰਨ ਦੇ ਵੱਖ-ਵੱਖ ਤਰੀਕੇ ਕਿਹੜੇ ਹਨ?**

**ਉ:** ਵੈਬਪੇਜ਼ ਨੂੰ ਸੁੰਦਰ ਬਨਾਉਣ ਲਈ ਇਸ ਵਿਚ ਤਸਵੀਰਾਂ ਦੀ ਵਰਤੋਂ ਕੀਤੀ ਜਾਂਦੀ ਹੈ।ਵੈਬਪੇਜ਼ ਵਿਚ ਤਸਵੀਰ ਲਗਾਉਣ ਲਈ ਮੁੱਖ ਤੌਰ ਤੇ <IMG> ਟੈਗ ਦੀ ਵਰਤੋਂ ਕੀਤੀ ਜਾਂਦੀ ਹੈ।ਇਹ ਐਂਪਟੀ ਟੈਗ ਹੈ।ਇਸ ਨੂੰ <IMG> ਟੈਗ ਨਾਲ ਸ਼ੁਰੂ ਕੀਤਾ ਜਾਂਦਾ ਹੈ ਪਰੰਤੂ ਇਸਨੂੰ ਬੰਦ ਨਹੀਂ ਕੀਤਾ ਜਾਂਦਾ ਹੈ। <IMG> ਟੈਗ ਵਿਚ SRC ਐਟਰੀਬਿਊਟ ਦੀ ਮਦਦ ਨਾਲ ਤਸਵੀਰ ਦਾ ਐਡਰੈਸ ਸੈਟ ਕੀਤਾ ਜਾਂਦਾ ਹੈ। ਉਦਾਹਰਣ ਲਈ:

<IMG SRC= “abc.jpg”>

<IMG> ਟੈਗ ਤੋਂ ਇਲਾਵਾ BODY ਟੈਗ ਦੀ BACKGROUND ਐਟਰੀਬਿਊਟ ਦੀ ਵਰਤੋਂ ਨਾਲ ਵੈਬਪੇਜ਼ ਵਿਚ ਤਸਵੀਰ ਨੂੰ ਲਗਾਇਆ ਜਾ ਸਕਦਾ ਹੈ। ਉਦਾਹਰਣ ਲਈ:

<BODY BACKGROUND= “abc.jpg”>

**ਪ੍ਰ:7 ਅਸੀਂ ਕਿਸੇ ਵੈਬ ਪੇਜ਼ ਦੀ ਬੈਕਗ੍ਰਾਉਂਡ ਕਿਵੇਂ ਬਦਲ ਸਕਦੇ ਹਾਂ?**

**ਉ:** ਕਿਸੇ ਵੈਬ ਪੇਜ਼ ਦੀ ਬੈਕਗ੍ਰਾਉਂਡ ਬਦਲਣ ਲਈ BODY ਟੈਗ ਦੇ ਐਟਰੀਬਿਊਟਸ BGCOLOR ਅਤੇ BACKGROUND ਦੀ ਵਰਤੋਂ ਕੀਤੀ ਜਾਂਦੀ ਹੈ।BGCOLOR ਦਾ ਪੂਰਾ ਨਾਂ ਬੈਕਗ੍ਰਾਊਂਡ ਕਲਰ ਹੈ। ਇਸ ਐਟਰੀਬਿਊਟ ਦੀ ਵਰਤੋਂ ਵੈਬਪੇਜ਼ ਦਾ ਬੈਕਗ੍ਰਾਊਂਡ ਕਲਰ ਬਦਲਣ ਲਈ ਕੀਤੀ ਜਾਂਦੀ ਹੈ। ਉਦਾਹਰਣ ਲਈ:

<BODY BGCOLOR=“RED”>

ਵੈਬ ਪੇਜ਼ ਦੀ ਬੈਕਗ੍ਰਾਊਂਡ ਤੇ ਤਸਵੀਰ ਲਗਾਉਣ ਲਈ BACKGROUND ਐਟਰੀਬਿਊਟ ਦੀ ਵਰਤੋਂ ਕੀਤੀ ਜਾਂਦੀ ਹੈ। ਉਦਾਹਰਣ ਲਈ:

<BODY BACKGROUND= “abc.jpg”>

**ਪ੍ਰ:8 ਨੈਸਟਿੰਗ ਲਿਸਟ ਉਦਾਹਰਣ ਸਹਿਤ ਸਮਝਾਓ।**

**ਉ:** ਜਦੋਂ ਇਕ ਲਿਸਟ ਵਿਚ ਕੋਈ ਦੂਜੀ ਲਿਸਟ ਲਿਖੀ ਜਾਂਦੀ ਹੈ ਤਾਂ ਉਹ ਨੈਸਟਿਡ ਲਿਸਟ ਬਣ ਜਾਂਦੀ ਹੈ। HTML ਵਿਚ ਨੈਸਟਿਡ ਲਿਸਟ ਬਨਾਉਣ ਲਈ ਕੋਈ ਵੱਖਰਾ ਟੈਗ ਨਹੀਂ ਵਰਤਿਆ ਜਾਂਦਾ। ਹੇਠਾਂ ਦਿੱਤੀ ਉਦਾਹਰਣ ਨੈਸਟਿਡ ਲਿਸਟ ਨੂੰ ਦਰਸ਼ਾਂਉਂਦੀ ਹੈ।

```
<OL>
<LI>LIST of COLORS
        <OL>
                <LI>RED
                <LI>GREEN
                <LI>BLUE
        </OL>
<LI>LIST of FRUITS
        <OL>
                <LI>APPLE
                <LI>ORANGE
                <LI>GRAPES
        </OL>
</OL>
```

**Output:**

1. LIST of COLORS
    1. RED
    2. GREEN
    3. BLUE
2. LIST of FRUITS
    1. APPLE
    2. ORANGE
    3. GRAPES

## ਪਾਠ-3 (ਐਚ.ਟੀ.ਐਮ.ਐਲ. – II)

### ਬਹੁ ਚੋਣਵੇ ਪ੍ਰਸ਼ਨ

1. ਫਾਰਮ ਕਿਸ ਕੰਮ ਲਈ ਵਰਤਿਆ ਜਾਂਦਾ ਹੈ? **(ਯੂਜ਼ਰ ਤੋਂ ਇਨਪੁੱਟ ਲੈਣ ਲਈ)**
2. .CSS ਦਾ ਪੂਰਾ ਨਾਮ ਕੀ ਹੈ? **(Cascading Style Sheet)**
3. ਵੈੱਬਪੇਜ ਵਿੱਚ ਲਿੰਕ ਦਰਸ਼ਾਉਣ ਲਈ ਕਿਹੜਾ ਲਿੰਕ ਸਹੀ ਹੈ? **(<A SRC=”FILE”>)**
4. Check box ਬਣਾਉਣ ਲਈ ਕਿਹੜਾ ਟੈਗ ਫਾਰਮ ਵਿੱਚ ਵਰਤਿਆ ਜਾਂਦਾ ਹੈ**(<input type=”checkbox”>)**
5. ਨਿਮਨਲਿਖਤ ਵਿੱਚੋਂ ਕਿਹੜੀ ਸਭ ਤੋਂ ਵੱਧ ਆਮ ਤੌਰ ਤੇ ਵਰਤੀ ਜਾਣ ਵਾਲੀ HTTP ਵਿਧੀ ਹੈ? **(PRE ਅਤੇ POST)**
6. ਕੀ ਇੱਕ ਵੈੱਬਪੇਜ ਵਿੱਚ ਲਿੰਕ ਸਥਾਪਿਤ ਕੀਤਾ ਜਾ ਸਕਦਾ ਹੈ? **(ਹਾਂ)**
7. ਤੁਸੀਂ ਇੱਕ e-mail ਲਿੰਕ ਕਿਵੇਂ ਸਥਾਪਿਤ ਕਰ ਸਕਦੇ ਹੋ? **(<a href=”mailto:userid@yyy”>)**
8. ਇੱਕ html ਫਾਰਮ ਇੱਕ ਵੈੱਬ ਪੇਜ ਦਾ ਹਿੱਸਾ ਹੈ ਜਿਸ ਵਿੱਚ ਉਹ ਸਥਾਨ ਸ਼ਾਮਲ ਹਨ ਜਿੱਥੇ ਕਿ। (**ਜਾਣਕਾਰੀ ਨੂੰ ਉਪਭੋਗਤਾ ਦੁਆਰਾ ਫੀਡ ਕੀਤਾ ਜਾਂਦਾ ਹੈ ਅਤੇ ਵੈੱਬਸਰਵਰ ਤੇ ਭੇਜਿਆ ਜਾਂਦਾ ਹੈ**)
9. ਇੱਕ ਕੰਟੇਨਰ ਟੈਗ ਅਤੇ ਇੱਕ ਸਿੰਗਲ ਇਨਪੁੱਟ ਆਈਟਮ ਵਿੱਚ ਟੈਕਸਟ ਦੀਆਂ ਬਹੁਤੀਆਂ ਲਾਈਨਾਂ ਨੂੰ ਅਨੁਮਤੀ ਦੇਣ ਲਈ ਵਰਤਿਆ ਜਾਂਦਾ ਹੈ। (**Text Area**)
10. ਚੋਣ-ਸੂਚੀਆਂ ਉਹ ਸੂਚੀ ਹਨ ਜਿਸ ਦੀ ਦਿੱਤੀ ਗਈ ਸੂਚੀ ਵਿੱਚੋਂ ਕਿਹੜਾ ਉਪਭੋਗਤਾ ਸਿੰਗਲ ਜਾਂ ਮਲਟੀਪਲ ਵਿਕਲਪ ਚੁਣ ਸਕਦਾ ਹੈ। ਸੂਚੀ ਦੀਆਂ ਕਿਸਮਾਂ ਹਨ। (**Scrolling lists and pull down pick up lists**).

### ਖਾਲੀ ਥਾਵਾਂ ਭਰੋ

1. **<A>** ਟੈਗ ਨੂੰ ਕਿਸੇ ਵੈੱਬ ਪੇਜ ਤੇ ਇੱਕ ਲਿੰਕ ਬਣਾਉਣ ਲਈ ਵਰਤਿਆ ਜਾਂਦਾ ਹੈ।
2. **HREF** ਵੈੱਬਪੇਜ ਦੇ ਦਿੱਤੇ ਗਏ ਹਿੱਸੇ ਲਈ ਲਿੰਕ ਨੂੰ ਪਰਿਭਾਸ਼ਿਤ ਕਰਦਾ ਹੈ।
3. **FORM** ਦਾ ਪ੍ਰਯੋਗ ਵੈੱਬਸਰਵਰ ਵਿੱਚ ਜਾਣਕਾਰੀ ਨੂੰ ਭਰਨ ਲਈ ਕੀਤਾ ਜਾਂਦਾ ਹੈ।

4. ਤੁਸੀਂ ਟੈਕਸਟ ਦੀਆਂ ਬਹੁਤੀਆਂ ਲਾਈਨਾਂ **TextArea** ਰਾਹੀਂ ਫਾਰਮ ਵਿੱਚ ਵਰਤ ਸਕਦੇ ਹੋ।
5. ਇੱਕ ਫਾਰਮ ਵਿੱਚ ਕਈ ਵਿਕਲਪ ਚੁਣਨ ਲਈ ਅਸੀਂ **Checkbox** ਦੀ ਵਰਤੋ ਕਰ ਸਕਦੇ ਹਾਂ।
6. **Radio Button** ਦੀ ਵਰਤੋ ਇੱਕ ਵਾਰ ਵਿੱਚ ਬਹੁਤੇ ਵਿਕਲਪਾਂ ਤੋਂ ਇੱਕੋ ਚੋਣ ਨੂੰ ਦੇਖਣ ਲਈ ਕੀਤੀ ਜਾਂਦੀ ਹੈ।
7. ਸਰਵਰ ਤੇ ਜਾਣਕਾਰੀ ਭੇਜਣ ਲਈ **Submit** ਬਟਨ ਦੀ ਵਰਤੋ ਕੀਤੀ ਜਾਂਦੀ ਹੈ।
8. ਫਾਰਮ ਤੋਂ ਸਾਰੇ ਵਿਕਲਪਾਂ ਨੂੰ ਸਾਫ ਕਰਨ ਲਈ ਅਸੀਂ **Reset** ਬਟਨ ਦੀ ਵਰਤੋ ਕਰ ਸਕਦੇ ਹਾਂ।
9. **Frames** ਵੈੱਬ ਬਰਾਊਜ਼ਰ ਵਿੰਡੋ ਨੂੰ ਮਲਟੀਪਲ HTML ਡਾਕੂਮੈਂਟ ਵਿੱਚ ਵੰਡਦਾ ਹੈ।
10. Frame set ਟੈਗ ਵਿੱਚ ਅਸੀਂ **ROWS** ਅਤੇ **COLS** ਨੂੰ ਐਟਰੀਬਿਊਟ ਵਜ਼ੋਂ ਵਰਤ ਸਕਦੇ ਹਾਂ।

## ਸਹੀ ਅਤੇ ਗਲਤ

1. ਇੱਕ ਅਣਵਿਜ਼ਟਿਡ ਲਿੰਕ ਅੰਡਰ ਲਾਈਨ ਹੁੰਦਾ ਹੈ ਅਤੇ ਇਸਦਾ ਰੰਗ ਨੀਲਾ ਹੁੰਦਾ ਹੈ (**ਸਹੀ**)
2. ਬੁੱਕਮਾਰਕ ਨੂੰ ਵੈੱਬਪੰਨੇ ਦੇ ਬਾਹਰ ਲਿੰਕ ਨੂੰ ਪਰਿਭਾਸ਼ਿਤ ਕਰਨ ਲਈ ਵਰਤਿਆ ਜਾਂਦਾ ਹੈ। (**ਗਲਤ**)
3. ਵੈੱਬਸਾਈਟ ਤੋਂ ਬਾਹਰਲੇ ਲਿੰਕ ਨੂੰ ਐਕਸਟਰਨਲ ਲਿੰਕ ਵਜ਼ੋਂ ਜਾਣਿਆ ਜਾਂਦਾ ਹੈ। (**ਸਹੀ**)
4. <input type="password"> ਟੈਕਸਟ ਬਾਕਸ ਵਿੱਚ ਸਟਾਰ ਦਿਖਾਏਗਾ। (**ਸਹੀ**)
5. ਸਿਲੈਕਸ਼ਨ ਲਿਸਟ ਡਰਾਪ ਡਾਊਨ ਲਿਸਟ ਨੂੰ ਦਰਸ਼ਾਉਣ ਲਈ ਵਰਤੀਆਂ ਜਾਂਦੀਆਂ ਹਨ। (**ਸਹੀ**)

## ਪੂਰੇ ਨਾਮ ਲਿਖੋ

| | | | |
|---|---|---|---|
| 1. | **<A>** | : | ANCHOR |
| 2. | **HREF** | : | HYPERTEXT REFFERENCE |
| 3. | **URL** | : | UNIFORM RESOURCES LOCATOR |
| 4. | **BGCOLOR** | : | BACKGROUND COLOR |
| 5. | **SRC** | : | SOURCE |

## ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ

1. **ਕਿਸੇ ਵੈੱਬਪੇਜ ਨੂੰ ਲਿੰਕ ਕਰਨ ਲਈ ਕਿਹੜਾ ਟੈਗ ਵਰਤਿਆ ਜਾਂਦਾ ਹੈ।** ਉੱਤਰ: <A>
2. **ਕਿਹੜਾ ਲਿੰਕ ਵੈਬਸਾਈਟ ਤੋਂ ਬਾਹਰ ਪਰਿਭਾਸ਼ਿਤ ਕੀਤਾ ਜਾਂਦਾ ਹੈ।** ਉੱਤਰ: External Link
3. **ਜਦ ਇੱਕ ਫਾਰਮ ਨੂੰ ਸਬਮਿਟ ਕੀਤਾ ਜਾਂਦਾ ਹੈ ਤਾਂ ਕਿਹੜਾ ਐਟਰੀਬਿਊਟ ਇਹ ਪਰਿਭਾਸ਼ਤ ਕਰਦਾ ਹੈ ਕਿ ਫਾਰਮ ਡਾਟਾ ਕਿਥੇ ਭੇਜਣਾ ਹੈ।** ਉੱਤਰ: action
4. **ਇਹ ਵਿਧੀ ਉਪਯੋਗਕਰਤਾ ਦੁਆਰਾ ਯੂਆਰਐਲ ਪਾਥ ਦੀ ਵਰਤੋ ਕਰਕੇ ਫੀਡ ਡੇਟਾ ਨੂੰ ਏਨਕੋਡ ਕਰਨ ਲਈ ਵਰਤੀ ਜਾਂਦੀ ਹੈ ਅਤੇ ਸਰਵਰ ਨੂੰ ਭੇਜੀ ਜਾਂਦੀ ਹੈ।** ਉੱਤਰ:GET
5. **ਦਿੱਤੇ ਗਏ ਵੈੱਬਪੰਨੇ ਤੇ ਕੁਝ ਕਾਰਵਾਈ ਕਰਨ ਲਈ ਕੀ ਵਰਤਿਆ ਜਾਂਦਾ ਹੈ।** ਉੱਤਰ:Button

## ਛੋਟੇ ਉੱਤਰਾਂ ਵਾਲੇ ਪ੍ਰਸ਼ਨ

**ਪ੍ਰ:1 ਹਾਈਪਰਲਿੰਕ ਕੀ ਹੁੰਦਾ ਹੈ?**

**ਉ:** ਹਾਈਪਰਲਿੰਕ HTML ਦੀ ਇਕ ਮਹੱਤਵਪੂਰਨ ਵਿਸ਼ੇਸ਼ਤਾ ਹੈ।ਇਹ ਵੈਬਪੇਜ਼ ਵਿਚ ਕਿਸੇ ਟੈਕਸਟ ਜਾਂ ਤਸਵੀਰ ਦਾ ਲਿੰਕ ਦੂਜੇ ਦਸਤਾਵੇਜ਼ ਨਾਲ ਬਣਾਉਂਦਾ ਹੈ।ਹਾਈਪਰਲਿੰਕ ਨੂੰ ਲਿੰਕ ਵੀ ਕਿਹਾ ਜਾਂਦਾ ਹੈ। ਬ੍ਰਾਉਜ਼ਰ ਲਿੰਕ ਨੂੰ ਨੀਲੇ ਰੰਗ ਵਿਚ ਅੰਡਰਲਾਈਨ ਕਰਕੇ ਦਿਖਾਉਂਦਾ ਹੈ। HTML ਵਿਚ ਐਂਕਰ ਟੈਗ ਦੀ ਵਰਤੋਂ ਲਿੰਕ ਬਨਾਉਣ ਲਈ ਕੀਤੀ ਜਾਂਦੀ ਹੈ।HTML ਵਿਚ ਐਂਕਰ ਟੈਗ ਲਈ <A> ਟੈਗ ਦੀ ਵਰਤੋਂ ਕੀਤੀ ਜਾਂਦੀ ਹੈ। <A> ਟੈਗ ਕੰਟੇਨਰ ਟੈਗ ਹੈ। ਇਸਨੂੰ <A> ਟੈਗ ਨਾਲ ਸ਼ੁਰੂ ਅਤੇ </A> ਟੈਗ ਨਾਲ ਬੰਦ ਕੀਤਾ ਜਾਂਦਾ ਹੈ। ਐਂਕਰ ਟੈਗ ਵਿਚ HREF ਐਟਰੀਬਿਊਟ ਵਰਤਿਆ ਜਾਂਦਾ ਹੈ। ਇਸ ਐਟਰੀਬਿਊਟ ਦੀ ਵਰਤੋਂ ਲਿੰਕ ਕੀਤੇ ਜਾਣ ਵਾਲੇ ਡਾਕੂਮੈਂਟ ਦਾ ਐਡਰੈਸ ਸੈਟ ਕਰਨ ਲਈ ਕੀਤੀ ਜਾਂਦੀ ਹੈ। ਉਦਾਹਰਣ ਲਈ:

<A HREF= "abc.jpg"> This is a link </a>

**ਪ੍ਰ:2 ਲਿੰਕ ਦੀਆਂ ਕਿਸਮਾਂ ਦੇ ਨਾਂ ਲਿਖੋ।**

**ਉ:** ਲਿੰਕ ਕਈ ਵੱਖ-ਵੱਖ ਤਰੀਕਿਆਂ ਨਾਲ ਬਣਾਏ ਜਾ ਸਕਦੇ ਹਨ। ਇਹ ਵੱਖ-ਵੱਖ ਤਰੀਕੇ ਹੀ ਲਿੰਕ ਦੀਆਂ ਕਿਸਮਾਂ ਹੁੰਦੀਆਂ ਹਨ। ਲਿੰਕ ਦੀਆਂ ਮੁੱਖ ਕਿਸਮਾਂ ਇਸ ਪ੍ਰਕਾਰ ਹਨ:

1. ਇਕ ਵੈਬਪੇਜ਼ ਵਿਚ ਪਰਿਭਾਸ਼ਿਤ ਕੀਤੇ ਗਏ ਲਿੰਕ (ਅੰਦਰੂਨੀ ਲਿੰਕ)।
2. ਇਕ ਵੈਬ ਸਾਇਟ ਦੇ ਬਾਹਰ ਪਰਿਭਾਸ਼ਿਤ ਲ਼ਿੰਕ (ਬਾਹਰੀ ਲਿੰਕ)।
3. ਤਸਵੀਰ ਨੂੰ ਲਿੰਕ ਦੇ ਤੌਰ ਤੇ ਪਰਿਭਾਸ਼ਿਤ ਕਰਨਾ।
4. ਈ-ਮੇਲ ਨਾਲ ਲਿੰਕ ਕਰਨਾ।

**ਪ੍ਰ:3 ਐਂਕਰ <A> ਟੈਗ ਕੀ ਹੁੰਦਾ ਹੈ? ਉਦਾਹਰਣ ਦੇ ਕੇ ਸਮਝਾਓ।**

**ਉ:** HTML ਵਿਚ ਐਂਕਰ ਟੈਗ ਦੀ ਵਰਤੋਂ ਲਿੰਕ ਬਨਾਉਣ ਲਈ ਕੀਤੀ ਜਾਂਦੀ ਹੈ।HTML ਵਿਚ ਐਂਕਰ ਟੈਗ ਲਈ <A> ਟੈਗ ਦੀ ਵਰਤੋਂ ਕੀਤੀ ਜਾਂਦੀ ਹੈ। <A> ਟੈਗ ਕੰਟੇਨਰ ਟੈਗ ਹੈ। ਇਸਨੂੰ <A> ਟੈਗ ਨਾਲ ਸ਼ੁਰੂ ਅਤੇ </A> ਟੈਗ ਨਾਲ ਬੰਦ ਕੀਤਾ ਜਾਂਦਾ ਹੈ। ਐਂਕਰ ਟੈਗ ਵਿਚ HREF ਐਟਰੀਬਿਊਟ ਵਰਤਿਆ ਜਾਂਦਾ ਹੈ। ਇਸ ਐਟਰੀਬਿਊਟ ਦੀ ਵਰਤੋਂ ਲਿੰਕ ਕੀਤੇ ਜਾਣ ਵਾਲੇ ਡਾਕੂਮੈਂਟ ਦਾ ਐਡਰੈਸ ਸੈਟ ਕਰਨ ਲਈ ਕੀਤੀ ਜਾਂਦੀ ਹੈ। ਉਦਾਹਰਣ ਲਈ: <A HREF= "abc.jpg">This is a link</a>

**ਪ੍ਰ:4 HTML ਵੈਬਪੇਜ਼ ਵਿਚ ਬੁੱਕਮਾਰਕ ਸਮਝਾਓ।**

**ਉ:** ਬੁੱਕਮਾਰਕ ਰਾਹੀਂ ਡਾਕੂਮੈਂਟ ਦੇ ਕਿਸੇ ਵਿਸ਼ੇਸ਼ ਭਾਗ ਨਾਲ ਲਿੰਕ ਬਣਾਇਆ ਜਾਂਦਾ ਹੈ। ਬੁੱਕਮਾਰਕ ਬਨਾਉਣ ਲਈ ਵੀ ਐਂਕਰ ਟੈਗ <A> ਦੀ ਵਰਤੋਂ ਕੀਤੀ ਜਾਂਦੀ ਹੈ।ਇਸ ਕੰਮ ਲਈ ਵਰਤੇ ਜਾਣ ਵਾਲੇ ਐਂਕਰ ਟੈਗ ਨੂੰ ਨੇਮਡ ਐਂਕਰ (Named Anchor) ਟੈਗ ਕਿਹਾ ਜਾਂਦਾ ਹੈ।ਬੁੱਕਮਾਰਕ ਬਨਾਉਣ ਲਈ ਐਂਕਰ ਟੈਗ ਦੇ HREF ਅਤੇ NAME ਐਟਰੀਬਿਊਟਸ ਦੀ ਵਰਤੋਂ ਕੀਤੀ ਜਾਂਦੀ ਹੈ।

**ਪ੍ਰ:5 ਇਕ ਲਿੰਕ ਦੇ ਰੂਪ ਵਿਚ ਚਿੱਤਰ ਕਿਵੇਂ ਬਣਾਇਆ ਜਾਂਦਾ ਹੈ?**

**ਉ:** ਵੈਬਪੇਜ਼ ਨੂੰ ਸੁੰਦਰ ਬਨਾਉਣ ਲਈ ਇਸ ਵਿਚ ਤਸਵੀਰਾਂ ਦੀ ਵਰਤੋਂ ਕੀਤੀ ਜਾਂਦੀ ਹੈ।ਵੈਬਪੇਜ਼ ਵਿਚ ਤਸਵੀਰ ਲਗਾਉਣ ਲਈ <IMG> ਟੈਗ ਦੀ ਵਰਤੋਂ ਕੀਤੀ ਜਾਂਦੀ ਹੈ।ਪਰੰਤੂ **HTML** ਵਿਚ ਤਸਵੀਰ ਨੂੰ ਲਿੰਕ ਦੇ ਤੌਰ ਤੇ ਵੀ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ। ਤਸਵੀਰ ਨੂੰ ਲਿੰਕ ਦੇ ਤੌਰ ਤੇ ਪਰਿਭਾਸ਼ਿਤ ਕਰਨ ਲਈ ਵੀ ਐਂਕਰ <A> ਟੈਗ ਦੀ ਵਰਤੋਂ ਕੀਤੀ ਜਾਂਦੀ ਹੈ। ਤਸਵੀਰ ਨੂੰ ਲ਼ਿੰਕ ਦੇ ਤੌਰ ਤੇ ਪਰਿਭਾਸ਼ਿਤ ਕਰਨ ਲਈ <IMG> ਟੈਗ ਨੂੰ <A> ਟੈਗ ਦੇ ਵਿਚਕਾਰ ਲਿਖਿਆ ਜਾਂਦਾ ਹੈ।ਉਦਾਹਰਣ ਲਈ:

<A HREF="a1.html"> <IMG SRC="abc.jpg"> </A>

**ਪ੍ਰ:6 ਇਕ ਫਾਰਮ ਕੀ ਹੁੰਦਾ ਹੈ?**

**ਉ:** ਫਾਰਮ ਵੈਬਪੇਜ਼ ਦਾ ਹੀ ਇਕ ਹਿੱਸਾ ਹੁੰਦਾ ਹੈ।ਇਸ ਵਿਚ ਵੈਬ ਪੇਜ਼ ਦਾ ਉਹ ਖੇਤਰ ਸ਼ਾਮਿਲ ਹੁੰਦਾ ਹੈ ਜਿਸ ਵਿਚ ਯੂਜ਼ਰ ਵੈਬਪੇਜ਼ ਦੇ ਪ੍ਰਕਾਸ਼ਕਾਂ ਨੂੰ ਭੇਜੀ ਜਾਣ ਵਾਲੀ ਜਾਣਕਾਰੀ ਦਰਜ ਕਰਦਾ ਹੈ। ਫਾਰਮ ਇਕ ਕੰਟੇਨਰ ਹੁੰਦਾ ਹੈ ਜਿਸ ਵਿਚ ਹੋਰ ਫਾਰਮ ਐਲੀਮੈਂਟਸ ਹੁੰਦੇ ਹਨ। ਇਹ ਫਾਰਮ ਐਲੀਮੈਂਟਸ ਟੈਕਸਟ ਬਾਕਸ, ਰੇਡੀਓ ਬਟਨ, ਲਿਸਟ ਬਾਕਸ ਆਦਿ ਹੁੰਦੇ ਹਨ। HTML ਵਿਚ ਫਾਰਮ ਬਨਾਉਣ ਲਈ <Form> ਟੈਗ ਦੀ ਵਰਤੋਂ ਕੀਤੀ ਜਾਂਦੀ ਹੈ।

**ਪ੍ਰ:7 ਫਾਰਮਾਂ ਵਿਚ ਚੋਣ ਸੂਚੀ ਦੀ ਕੀ ਵਰਤੋਂ ਹੈ?**

**ਉ:** ਚੋਣ ਸੂਚੀ ਨੂੰ ਸਲੈਕਸ਼ਨ ਲਿਸਟ ਵੀ ਕਿਹਾ ਜਾਂਦਾ ਹੈ। ਇਹ ਫਾਰਮ ਦਾ ਇਕ ਮਹੱਤਵਪੂਰਨ ਐਲੀਮੈਂਟ ਹੁੰਦਾ ਹੈ। ਇਸ ਦੀ ਵਰਤੋਂ ਨਾਲ ਯੂਜ਼ਰ ਲਿਸਟ ਵਿਚੋਂ ਇੱਕ ਜਾਂ ਇੱਕ ਤੋਂ ਵੱਧ ਆਪਸ਼ਨਾਂ ਦੀ ਚੋਣ ਕਰ ਸਕਦਾ ਹੈ। HTML ਵਿਚ ਚੋਣ ਸੂਚੀ ਬਨਾਉਣ ਲਈ <select> ਟੈਗ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਟੈਗ ਦੀ ਵਰਤੋਂ ਨਾਲ ਸਕ੍ਰੋਲਿੰਗ ਲਿਸਟ ਅਤੇ ਡਰਾਪ-ਡਾਊਨ ਲਿਸਟਾਂ ਬਣਾਈਆ ਜਾ ਸਕਦੀਆਂ ਹਨ। ਇਹਨਾਂ ਲਿਸਟਾਂ ਵਿਚ ਆਪਸ਼ਨਾਂ ਦਾਖਿਲ ਕਰਨ ਲਈ <select> ਟੈਗ ਵਿਚਕਾਰ <option> ਟੈਗਜ਼ ਵਰਤੇ ਜਾਂਦੇ ਹਨ।

**ਪ੍ਰ:8 HTML ਫਾਰਮਾਂ ਵਿਚ ਵੱਖੋ-ਵੱਖਰੇ ਬਟਨਾਂ ਦੀ ਵਿਆਖਿਆ ਕਰੋ।**

**ਉ:** ਬਟਨ HTML ਫਾਰਮਾਂ ਦੇ ਮਹੱਤਵਪੂਰਨ ਐਲੀਮੈਂਟਸ ਹੁੰਦੇ ਹਨ। ਇਹਨਾਂ ਦੀ ਵਰਤੋਂ ਵੈਬਪੇਜ਼ ਤੇ ਕੁੱਝ ਕਾਰਵਾਈ ਕਰਨ ਲਈ ਕੀਤੀ ਜਾਂਦੀ ਹੈ। ਇਹ ਬਟਨ ਕਈ ਤਰ੍ਹਾਂ ਦੇ ਹੁੰਦੇ ਹਨ। ਕੁੱਝ ਮਹਤੱਵਪੂਰਨ ਬਟਨ ਹੇਠਾਂ ਦਿੱਤੇ ਗਏ ਹਨ:

**ਸਬਮਿਟ (Submit) ਬਟਨ**: ਇਸ ਬਟਨ ਦੀ ਵਰਤੋਂ ਡਾਟਾ ਫਾਰਮ ਨੂੰ ਵੈਬ ਸਰਵਰ ਕੋਲ ਭੇਜਣ ਲਈ ਕੀਤੀ ਜਾਂਦੀ ਹੈ।

**ਰੀਸੈਟ (Reset) ਬਟਨ**: ਇਸ ਬਟਨ ਦੀ ਵਰਤੋਂ ਡਾਟਾ ਫਾਰਮ ਦੇ ਮੁੱਲਾਂ ਨੂੰ clear ਕਰਨ ਲਈ ਕੀਤੀ ਜਾਂਦੀ ਹੈ।

**ਪ੍ਰ:9 ਫਰੇਮਾਂ ਦੀ ਵਿਆਖਿਆ ਕਰੋ।**

**ਉ:** ਫਰੇਮਜ਼ ਦੀ ਵਰਤੋਂ ਬਰਾਊਜ਼ਰ ਵਿੰਡੋ ਨੂੰ ਕਈ ਭਾਗਾਂ ਵਿਚ ਵੰਡਣ ਲਈ ਕੀਤੀ ਜਾਂਦੀ ਹੈ। ਹਰ ਇਕ ਭਾਗ ਵਿਚ ਇਕ ਵੱਖਰਾ ਵੈਬਪੇਜ਼ ਦਰਸ਼ਾਇਆ ਜਾ ਸਕਦਾ ਹੈ। ਬਰਾਊਜ਼ਰ ਵਿੰਡੋ ਵਿਚ ਫਰੇਮਜ਼ ਆਇਤਾਕਾਰ ਖੇਤਰ ਦੇ ਆਕਾਰ ਵਿਚ ਨਜ਼ਰ ਆਉਂਦੇ ਹਨ। ਇਹ ਇਕ ਟੇਬਲ ਵਰਗੇ ਹੁੰਦੇ ਹਨ। ਇਹਨਾਂ ਵਿਚ ਵੱਖ-ਵੱਖ ਰੋਅਜ਼ ਅਤੇ ਕਾਲਮਾਂ ਵਿਚ ਵੱਖ-ਵੱਖ ਵੈਬਪੇਜ਼ ਦਰਸ਼ਾਏ ਜਾਂਦੇ ਹਨ। ਫਰੇਮਜ਼ ਬਨਾਉਣ ਲਈ HTML ਵਿਚ <frameset> ਟੈਗਜ਼ ਵਰਤੇ ਜਾਂਦੇ ਹਨ। ਵੈਬਪੇਜ਼ਾਂ ਨੂੰ ਫਰੇਮਜ਼ ਵਿਚ ਦਰਸ਼ਾਉਣ ਲਈ <frame> ਟੈਗ ਨੂੰ <frameset> ਟੈਗ ਵਿਚਕਾਰ ਵਰਤਿਆ ਜਾਂਦਾ ਹੈ।

**ਪ੍ਰ:10 ਉਦਾਹਰਣ ਦੇ ਨਾਲ ਮਾਰਕਿਊ ਟੈਗ ਅਤੇ ਇਸਦੇ ਗੁਣਾਂ ਨੂੰ ਸਮਝਾਓ।**

**ਉ:** <Marquee> ਟੈਗ ਦੀ ਵਰਤੋਂ ਵੈਬ ਪੇਜ਼ ਵਿਚ ਟੈਕਸਟ ਨੂੰ ਗਤੀਮਾਨ ਕਰਨ ਲਈ ਕੀਤੀ ਜਾਂਦੀ ਹੈ। ਇਸ ਟੈਗ ਵਿਚ ਲਿਖਿਆ ਟੈਕਸਟ ਸਕ੍ਰੀਨ ਉਪਰ ਘੁਮੰਣ ਲੱਗ ਜਾਂਦਾ ਹੈ। ਇਹ ਇਕ ਕੰਟੇਨਰ ਟੈਗ ਹੈ। ਇਹ <Marquee> ਟੈਗ ਨਾਲ ਸ਼ੁਰੂ ਹੁੰਦਾ ਹੈ ਅਤੇ </Marquee> ਟੈਗ ਨਾਲ ਬੰਦ ਹੁੰਦਾ ਹੈ। ਮਾਰਕਿਊ ਟੈਗ ਵਿਚ ਕਈ ਐਟਰੀਬਿਊਟਸ ਵਰਤੇ ਜਾਂਦੇ ਹਨ। ਕੁੱਝ ਆਮ ਵਰਤੇ ਜਾਣ ਵਾਲੇ ਐਟਰੀਬਿਊਟਸ/ਗੁਣ ਇਸ ਪ੍ਰਕਾਰ ਹਨ:

- DIRECTION: ਇਸਦੀ ਵਰਤੋਂ ਟੈਕਸਟ ਦੇ ਗਤੀਮਾਨ ਹੋਣ ਦੀ ਦਿਸ਼ਾ ਪਰਿਭਾਸ਼ਿਤ ਕਰਨ ਲਈ ਕੀਤੀ ਜਾਂਦੀ ਹੈ।
- BEHAVIOR: ਇਸਦੀ ਵਰਤੋ ਟੈਕਸਟ ਦੀ ਸਕਰੋਲਿੰਗ ਨੂੰ ਪਰਿਭਾਸ਼ਿਤ ਕਰਨ ਲਈ ਕੀਤੀ ਜਾਂਦੀ ਹੈ।
- HEIGHT: ਇਸਦੀ ਵਰਤੋਂ ਟੈਕਸਟ ਦੀ ਉਚਾਈ ਨੂੰ ਪਰਿਭਾਸ਼ਿਤ ਕਰਨ ਲਈ ਕੀਤੀ ਜਾਂਦੀ ਹੈ।
- WIDTH: ਇਸਦੀ ਵਰਤੋਂ ਟੈਕਸਟ ਦੀ ਚੌੜਾਈ ਨੂੰ ਪਰਿਭਾਸ਼ਿਤ ਕਰਨ ਲਈ ਕੀਤੀ ਜਾਂਦੀ ਹੈ।

ਉਦਾਹਰਣ ਲਈ: <Marquee width="400" direction="right" behavior="alternate"> Hello </Marquee>

**ਪ੍ਰ:11 ਅਸੀਂ ਇਕ HTML ਫਾਈਲ ਵਿਚ ਆਡੀਓ ਅਤੇ ਵੀਡੀਓ ਫਾਈਲਾਂ ਨੂੰ ਕਿਵੇਂ ਜੋੜ ਸਕਦੇ ਹਾਂ।**

**ਉ**: ਅਸੀਂ ਇਕ HTML ਫਾਈਲ ਵਿਚ ਆਡੀਓ ਅਤੇ ਵੀਡੀਓ ਫਾਈਲਾਂ ਨੂੰ ਵੀ ਜੋੜ ਸਕਦੇ ਹਾਂ।ਇਸ ਕੰਮ ਲਈ ਐਂਕਰ <A> ਟੈਗ ਦੀ ਹੀ ਵਰਤੋਂ ਕੀਤੀ ਜਾਂਦੀ ਹੈ। ਆਡੀਓ ਜਾਂ ਵੀਡੀਓ ਫਾਈਲ ਨੂੰ HTML ਫਾਈਲ ਵਿਚ ਜੋੜਨ ਲਈ ਐਂਕਰ ਟੈਗ ਦੇ HREF ਐਟਰੀਬਿਊਟ ਵਿਚ ਆਡੀਓ ਜਾਂ ਵੀਡੀਓ ਫਾਈਲ ਦੇ ਪਾਥ ਨੂੰ ਪਰਿਭਾਸ਼ਿਤ ਕੀਤਾ ਜਾਂਦਾ ਹੈ। ਜਦੋਂ ਯੂਜ਼ਰ ਇਸ ਲਿੰਕ ਉਪਰ ਕਲਿੱਕ ਕਰੇਗਾ ਤਾਂ ਲਿੰਕ ਕੀਤੀ ਆਡੀਓ ਜਾਂ ਵੀਡੀਓ ਫਾਈਲ ਯੂਜ਼ਰ ਦੇ ਕੰਪਿਊਟਰ ਵਿਚ ਡਾਊਨਲੋਡ ਹੋ ਜਾਵੇਗੀ।

**ਪ੍ਰ:12 CSS ਦੀ ਵਿਆਖਿਆ ਕਰੋ। ਜਾਂ**

**ਪ੍ਰ:13 CSS ਦੀਆਂ ਕਿਸਮਾਂ ਨੂੰ ਪਰਿਭਾਸ਼ਿਤ ਕਰੋ।**


ਉ: CSS ਦਾ ਪੂਰਾ ਨਾਂ ਕੈਸਕਾਡਿੰਗ ਸਟਾਈਲ ਸ਼ੀਟ ਹੈ। ਇਹ ਵੈਬਪੇਜ਼ ਦੇ ਡਿਜ਼ਾਇਨ ਅਤੇ ਲੇ-ਆਊਟ ਨੂੰ ਪਰਿਭਾਸ਼ਿਤ ਕਰਨ ਦਾ ਆਧੁਨਿਕ ਤਰੀਕਾ ਹੈ। ਇਸਦੀ ਮਦਦ ਨਾਲ ਅਸੀਂ ਕਈ ਵੈਬਪੇਜ਼ਾਂ ਉਪਰ ਇਕੋ ਕਿਸਮ ਦੀ ਦਿੱਖ ਨੂੰ ਆਸਾਨੀ ਨਾਲ ਲਾਗੂ ਕਰ ਸਕਦੇ ਹਾਂ। ਯੂਜ਼ਰ ਨੂੰ ਹਰੇਕ ਵੈਬਪੇਜ਼ ਲਈ ਅਲਗ-ਅਲਗ ਸਟਾਈਲ ਸੈਟ ਕਰਨ ਦੀ ਜਰੂਰਤ ਨਹੀਂ ਪੈਂਦੀ ਹੈ। CSS ਨੂੰ ਤਿੰਨ੍ਹ ਵੱਖ-ਵੱਖ ਤਰੀਕਿਆਂ ਨਾਲ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ। ਇਹ ਤਰੀਕੇ ਹੇਠ ਲਿਖੇ ਹਨ:

1. ਇਨਲਾਈਨ ਸਟਾਈਲ
2. ਇਨਟਰਨਲ ਜਾਂ ਅੰਦਰੂਨੀ ਸਟਾਈਲ
3. ਐਕਸਟਰਨਲ ਜਾਂ ਬਾਹਰੀ ਸਟਾਈਲ

**ਪ੍ਰ:14 ਰੇਡੀਓ ਬਟਨਾਂ ਅਤੇ ਇਸਦੇ ਗੁਣਾਂ ਬਾਰੇ ਵਿਆਖਿਆ ਕਰੋ।**

**ਉ:** ਰੇਡੀਓ ਬਟਨ HTML ਫਾਰਮਾਂ ਦੇ ਮਹੱਤਵਪੂਰਨ ਐਲੀਮੈਂਟਸ ਹੁੰਦੇ ਹਨ। ਇਹ ਬਟਨ ਉਸ ਸਮੇਂ ਵਰਤੇ ਜਾਂਦੇ ਹਨ ਜਦੋਂ ਇਕ ਸਮੇਂ ਸਿਰਫ ਇਕ ਆਪਸ਼ਨ ਦੀ ਹੀ ਚੋਣ ਕੀਤੀ ਜਾਣੀ ਹੈ। <input> ਟੈਗ ਦੀ ਵਰਤੋਂ ਕਰਕੇ ਰੇਡੀਓ ਬਟਨ ਨੂੰ ਬਣਾਇਆ ਜਾਂਦਾ ਹੈ। ਰੇਡੀਓ ਬਟਨ ਲਈ <input> ਟੈਗ ਵਿਚ type="radio" ਅਤੇ name ਐਟਰੀਬਿਊਟ/ਗੁਣਾਂ ਦੀ ਵਰਤੋਂ ਕੀਤੀ ਜਾਂਦੀ ਹੈ। ਉਦਾਹਰਣ ਲਈ:


<input type= "radio" name= "gender">Male
<input type= "radio" name= "gender">Female




**ਪ੍ਰ:15 ਚੈੱਕਬਾਕਸ ਕੀ ਹੁੰਦਾ ਹੈ?**

**ਉ:** ਚੈੱਕਬਾਕਸ ਬਟਨ HTML ਫਾਰਮਾਂ ਦੇ ਮਹੱਤਵਪੂਰਨ ਐਲੀਮੈਂਟਸ ਹੁੰਦੇ ਹਨ। ਚੈੱਕਬਾਕਸ ਉਸ ਸਮੇਂ ਵਰਤੇ ਜਾਂਦੇ ਹਨ ਜਦੋਂ ਇਕ ਸਮੇਂ ਇਕ ਜਾਂ ਇਕ ਤੋਂ ਵੱਧ ਆਪਸ਼ਨਾਂ ਦੀ ਚੋਣ ਕੀਤੀ ਜਾਣੀ ਹੈ। <input> ਟੈਗ ਦੀ ਵਰਤੋਂ ਕਰਕੇ ਚੈੱਕਬਾਕਸ ਨੂੰ ਬਣਾਇਆ ਜਾਂਦਾ ਹੈ। ਚੈੱਕਬਾਕਸ ਲਈ <input> ਟੈਗ ਵਿਚ type="checkbox" ਅਤੇ name ਐਟਰੀਬਿਊਟ/ਗੁਣਾਂ ਦੀ ਵਰਤੋਂ ਕੀਤੀ ਜਾਂਦੀ ਹੈ। ਉਦਾਹਰਣ ਲਈ:

<input type= "checkbox" name= "hindi">Hindi
<input type= "checkbox" name= "pbi">Punjabi




**ਪ੍ਰ:16 ਫਾਰਮ ਵਿਚ ਪ੍ਰਾਪਤ ਹੋਣ ਦੀ ਵਿਧੀ ਦਾ ਕੀ ਕੰਮ ਹੈ? ਜਾਂ ਪ੍ਰ:17 ਫਾਰਮ ਵਿਚ ਪੋਸਟ ਵਿਧੀ ਦੀ ਵਿਆਖਿਆ ਕਰੋ।**

**ਉ: <Form>** ਟੈਗ ਵਿਚ **method** ਐਟਰੀਬਿਊਟ ਫਾਰਮ ਨੂੰ ਸਰਵਰ ਉਪਰ ਪ੍ਰਾਪਤ ਕਰਨ ਦੀ ਵਿਧੀ ਨੂੰ ਦਰਸ਼ਾਉਂਦਾ ਹੈ। ਇਹ ਐਟਰੀਬਿਊਟ ਉਸ ਤਰੀਕੇ ਨੂੰ ਦਰਸ਼ਾਉਂਦਾ ਹੈ ਜਿਸ ਰਾਹੀਂ ਯੂਜ਼ਰ ਦੀ ਸੂਚਨਾ ਫਾਰਮ ਵਿਚ ਭਰੀ ਜਾਂਦੀ ਹੈ ਅਤੇ ਜਿਸ ਨੂੰ ਵੈਬਸਾਈਟ ਸਰਵਰ ਤੇ ਭੇਜਿਆ ਅਤੇ ਸੋਟਰ ਕੀਤਾ ਜਾਂਦਾ ਹੈ। ਫਾਰਮ ਵਿਚ ਭਰੀ ਇਹ ਜਾਣਕਾਰੀ ਦੋ ਤਰੀਕਿਆਂ ਨਾਲ ਵੈਬ-ਸਰਵਰ ਨੂੰ ਭੇਜੀ ਜਾ ਸਕਦੀ ਹੈ:

- **GET Method:** ਇਸ ਤਰੀਕੇ ਨਾਲ ਯੂਜ਼ਰ URL ਪਾਥ ਦੀ ਵਰਤੋਂ ਕਰਕੇ ਫਾਰਮ ਵਿਚ ਭਰੇ ਡਾਟਾ ਨੂੰ ਸਰਵਰ ਨੂੰ ਭੇਜਦਾ ਹੈ। ਇਸ ਤਰੀਕੇ ਨਾਲ ਸੀਮਿਤ ਮਾਤਰਾ ਵਿਚ ਹੀ ਡਾਟਾ ਨੂੰ ਸਰਵਰ ਉਤੇ ਭੇਜਿਆ ਜਾ ਸਕਦਾ ਹੈ।
  ਉਦਾਹਰਣ: <Form method=get action=abc.php>
- **Post Method:** ਇਸ ਤਰੀਕੇ ਨਾਲ ਯੂਜ਼ਰ URL ਪਾਥ ਦੀ ਵਰਤੋਂ ਕੀਤੇ ਬਿਨ੍ਹਾਂ ਫਾਰਮ ਵਿਚ ਭਰੇ ਡਾਟਾ ਨੂੰ ਸਰਵਰ ਨੂੰ ਭੇਜਦਾ ਹੈ। ਇਸ ਤਰੀਕੇ ਨਾਲ ਅਸੀਮਿਤ ਮਾਤਰਾ ਵਿਚ ਡਾਟਾ ਨੂੰ ਸਰਵਰ ਉਤੇ ਭੇਜਿਆ ਜਾ ਸਕਦਾ ਹੈ।
  ਉਦਾਹਰਣ: <Form method=post action=abc.php>

## ਪਾਠ-4 (ਵੈਬ ਡਿਵੈਲਪਮੈਂਟ)

### ਬਹੁ-ਚੋਣਵੇਂ ਪ੍ਰਸ਼ਨ

**ਪ੍ਰ1: ਕਿਸੇ ਵੈਬਸਾਈਟ ਦੀ ਯੋਜਨਾ ਬਣਾਉਣ ਦੇ ਚਾਰ ਪੜਾਅ ਹਨ? (ਉਪਰੋਕਤ ਸਾਰੇ)**

ੳ. ਕਿਸੇ ਸਾਈਟ ਦਾ ਟੀਚਾ ਅ. ਦਰਸ਼ਕਾਂ ਲਈ ਡਿਜਾਇਨਿੰਗ
ੲ. ਕੰਮ ਰਣਨੀਤੀ ਅਤੇ ਵਿਸ਼ਾ ਵਸਤੂ ਦੇ ਵਿਕਾਸ ਸ. ਉਪਰੋਕਤ ਸਾਰੇ

**ਪ੍ਰ2: ਟੀਚਾ ਪ੍ਰਾਪਤ ਕਰਨ ਲਈ ਕੰਮ ਕਰਨ ਦੇ ਢੰਗਾਂ ਨੂੰ ਕੀ ਬੁਲਾਇਆ ਜਾਂਦਾ ਹੈ? (ਕੰਮ ਰਣਨੀਤੀ)**

**ਪ੍ਰ3: ਵੈਬ ਸਰਵਰ ਹੋ ਸਕਦਾ ਹੈ? (ਉਪਰੋਕਤ ਦੋਨੋ)**

ੳ. ਖਰੀਦਿਆ ਅ. ਉਧਾਰ ਲਏ ੲ. ਉਪਰੋਕਤ ਦੋਨੋ ਸ. ਇਹਨਾਂ ਵਿਚੋਂ ਕੋਈ ਨਹੀਂ

**ਪ੍ਰ4: ਵੈਬ ਪੇਜ ਦਾ ਆਕਾਰਾ _______ ਤੋਂ ਵੱਧ ਨਹੀਂ ਹੋਣਾ ਚਾਹੀਦਾ। (ਸੋ ਸਕ੍ਰੀਨਸ)**

**ਪ੍ਰ5: ਵੈਬ ਪੇਜ ਦੀ ਇਕ ਵਧੀਆ ਦਿੱਖ ਕਿਸ ਤੇ ਨਿਰਭਰ ਕਰਦੀ ਹੈ। (ਉਪਰੋਕਤ ਸਾਰੇ)**

ੳ. ਫੌਂਟ ਦਾ ਆਕਾਰ/ਰੰਗ ਅ. ਬੈਕਗ੍ਰਾਊਂਡ ਰੰਗ ੲ. ਟੇਬਲ ਅਤੇ ਗ੍ਰਾਫਿਕਸ ਸ. ਉਪਰੋਕਤ ਸਾਰੇ

**ਪ੍ਰ6: ਕਿਸ ਟੈਸਟਿੰਗ ਲਈ ਇੰਟਰਨੈਟ ਕੁਨੈਕਸ਼ਨ ਦੀ ਲੋੜ ਨਹੀਂ ਹੈ? (ਆਫਲਾਈਨ ਟੈਸਟਿੰਗ ਲਈ)**

**ਪ੍ਰ7: ਐਸ.ਈ.ਓ. (SEO) ਦਾ ਮਤਲਬ ਹੈ? (ਸਰਚ ਇੰਜਣ ਓਪਟੀਮਾਇਜ਼ੇਸ਼ਨ)**

**ਪ੍ਰ8: ਐਸ.ਐਮ.ਐਮ. (SMM) ਦਾ ਮਤਲਬ ਹੈ? (ਸੋਸ਼ਲ ਮੀਡੀਆ ਮਾਰਕੀਟਿੰਗ)**

**ਪ੍ਰ9: FTP ਡਾ ਮਤਲਬ ਹੈ? (ਫਾਈਲ ਟ੍ਰਾਂਸਫਰ ਪ੍ਰੋਟੋਕੋਲ)**

**ਪ੍ਰ10: ਇੰਟਰਨੈਟ ਦੀ ਵਰਤੋਂ ਕਰਦੇ ਹੋਏ ਵੈਬਸਾਈਟ ਦੀ ਜਾਂਚ ਕਰਨਾ ਕਿਸ ਨਾਂ ਵਜੋਂ ਜਾਣਿਆ ਜਾਂਦਾ ਹੈ? (ਆਨ ਲਾਈਨ ਟੈਸਟਿੰਗ)**

### ਖਾਲੀ ਥਾਵਾਂ ਭਰੋ

1. ਸਾਈਟ ਦੀ ਯੋਜਨਾ ਬਣਾਉਣ ਸਮੇਂ ਸਾਈਟ ਦੀ ____________ ਦਾ ਫੈਸਲਾ ਅੰਤ ਵਿਚ ਲਿਆ ਜਾਂਦਾ ਹੈ। **(ਪਬਲੀਸ਼ਿੰਗ)**
2. ________ ਤੁਹਾਡੀ ਸਾਈਟ ਦਾ ਪਤਾ ਹੈ। **(ਡੋਮੇਨ ਨੇਮ)**
3. ਡੋਮੇਨ ਨੇਮ ਫੈਸਲਾ ਕਰਨ ਤੋਂ ਬਾਅਦ ਅਗਲਾ ਕਦਮ ਡੋਮੇਨ ਨੇਮ ਦੀ _________ ਕਰਨਾ ਹੈ। **(ਰਜਿਸਟ੍ਰੇਸ਼ਨ)**
4. _________ ਦੋ ਸਕ੍ਰੀਨਾਂ ਤੋਂ ਵੱਡਾ ਨਹੀਂ ਹੋਣਾ ਚਾਹੀਂਦਾ। **(ਵੈਬਪੇਜ਼)**
5. _________ ਟੈਸਟਿੰਗ ਇੰਟਰਨੈਟ ਤੋਂ ਬਿਨ੍ਹਾਂ ਕੀਤੀ ਜਾ ਸਕਦੀ ਹੈ। **(ਆਫਲਾਈਨ)**
6. ਕਿਸੇ ਵੀ ਵੈਬ ਸਾਈਟ ਦੇ ਪਹਿਲੇ ਸਫੇ ਨੂੰ _________ ਕਿਹਾ ਜਾਂਦਾ ਹੈ। **(ਹੋਮ ਪੇਜ਼)**

### ਸਹੀ/ਗਲਤ ਲਿਖੋ

1. ਹੋਮ ਪੇਜ਼ ਦੇ ਨਾਲ ਹੋਰ ਪੰਨਿਆਂ ਦਾ ਕੋਈ ਲਿੰਕ ਨਹੀਂ ਹੁੰਦਾ। **(ਗਲਤ)**
2. ਸਾਈਟ ਦਾ ਪਤਾ .com, .org, .net ਆਦਿ ਨਾਲ ਖਤਮ ਹੁੰਦਾ ਹੈ।**(ਸਹੀ)**
3. ਕਿਸੇ ਸਾਈਟ ਦਾ ਆਫਲਾਈਨ ਟੈਸਟ ਸਿਰਫ ਇਕੋ ਬਰਾਊਜ਼ਰ ਤੇ ਕਰਨਾ ਚਾਹੀਂਦਾ ਹੈ।**(ਗਲਤ)**
4. ਹੋਸਟ ਲਈ ਵੈਬ ਪੇਜਿਜ਼ ਨੂੰ ਭੇਜਣ ਲਈ ਸਾਨੂੰ FTP ਕਲਾਇੰਟ ਦੀ ਲੋੜ ਪੈਂਦੀ ਹੈ।**(ਸਹੀ)**
5. ਕਿਸੇ ਸਾਈਟ ਦੇ ਆਨਲਾਈਨ ਟੈਸਟਿੰਗ ਦੇ ਦੌਰਾਨ ਤੁਹਾਡੇ ਕੰਪਿਊਟਰ ਨੂੰ ਇੰਟਰਨੈਟ ਨਾਲ ਜੁੜਿਆ ਹੋਣਾ ਚਾਹੀਂਦਾ ਹੈ।**(ਸਹੀ)**

**ਪੂਰੇ ਨਾਂ ਲਿਖੋ**

| | | |
|---|---|---|
| **IP** | : | INTERNET PROTOCOL |
| **FTP** | : | FILE TRANSFER PROTOCOL |
| **URL** | : | UNIFORM RESOURCE LOCATER |

**ਬਹੁਤ ਛੋਟੇ ਉਤਰਾਂ ਵਾਲੇ ਪ੍ਰਸ਼ਨ**

1. ਤੁਹਾਡੀ ਸਾਈਟ ਦਾ ਪਤਾ ਕਿਹੜਾ ਹੈ? **ਉਤਰ: ਡੋਮੇਨ ਨੇਮ**
2. ਕੰਪਿਊਟਰ ਦੀ ਵੈਬਸਾਈਟ ਦੀ ਕਾਪੀ ਨੂੰ _____ ਵਰਜਨ ਕਿਹਾ ਜਾਂਦਾ ਹੈ ਅਤੇ ਵੈਬਹੋਸਟ ਉਤੇ ਕਾਪੀ ਨੂੰ ______ ਕਿਹਾ ਜਾਂਦਾ ਹੈ?

**ਉਤਰ: ਲੋਕਲ ਪ੍ਰੋਡਕਸ਼ਨ, ਐਕਸਟਰਨਲ ਲਿੰਕ**

3. ਕੋਈ ਕੰਪਨੀ ਗ੍ਰਾਹਕਾਂ ਦੀ ਫੀਡਬੈਕ ਕਿਸ ਤਰਾਂ ਪ੍ਰਾਪਤ ਕਰ ਸਕਦੀ ਹੈ? **ਉਤਰ: SMM – ਸੋਸ਼ਲ ਮੀਡੀਆ ਮਾਰਕੀਟਿੰਗ ਨਾਲ**
4. ਵੈਬਸਾਈਟ ਤੇ ਸਾਰੀਆਂ ਵੱਖ-ਵੱਖ ਵਿਸ਼ੇਸ਼ਤਾਵਾਂ ਦੀ ਜਾਂਚ ਕਰਨ ਲਈ ਕੀ ਜਰੂਰੀ ਹੈ? **ਉਤਰ: ਟੈਸਟ ਅਤੇ ਵੈਲੀਡੇਸ਼ਨ**
5. ਡਿਜਾਇਨਰ ਡਾਟਾ ਨੂੰ ਨਸ਼ਟ ਹੋਣ, ਮਾਲਵੇਅਰ ਅਤੇ ਹੋਰ ਨੁਕਸਾਨਾਂ ਤੋਂ ਬਚਾਅ ਸਕਦਾ ਹੈ?

**ਉਤਰ:ਡਾਟਾ ਦਾ ਲਗਾਤਾਰ ਬੈਕਅੱਪ ਲੈ ਕੇ ਅਤੇ ਸੁਰਖਿਆ ਪੈਮਾਨਿਆ ਦੀ ਵਰਤੋਂ ਕਰਕੇ।**

**ਛੋਟੇ ਉਤਰਾਂ ਵਾਲੇ ਪ੍ਰਸ਼ਨ**

**ਪ੍ਰ:1 ਕਿਸੇ ਸਾਈਟ ਦਾ ਉਦੇਸ਼ ਨਿਰਧਾਰਿਤ ਕਰਨ ਦੇ ਮਹੱਤਵਪੂਰਨ ਨੁਕਤੇ ਦੱਸੋ।**

ਉ: ਸਾਈਟ ਬਨਾਉਣ ਦਾ ਕੋਈ ਉਦੇਸ਼ ਜਾਂ ਮੰਤਵ ਹੋਣਾ ਚਾਹੀਦਾ ਹੈ। ਸਾਈਟ ਦਾ ਉਦੇਸ਼ ਸਾਨੂੰ ਦਸਦਾ ਹੈ ਕਿ ਅਸੀਂ ਇਸ ਵਿਚ ਕੀ ਕੁੱਝ ਪਾਉਣਾ ਹੈ। ਅਸੀਂ ਸਜਾਵਟ ਵਾਲੀ ਸਾਈਟ ਵਿਸਥਾਰਪੂਰਵਕ ਤਿਆਰ ਕਰ ਸਕਦੇ ਹਾਂ ਪਰੰਤੂ ਇਹ ਲਾਜ਼ਮੀ ਹੋਣਾ ਚਾਹੀਂਦਾ ਹੈ ਕਿ ਇਹ ਸਾਈਟ ਸਾਡੇ ਉਦੇਸ਼ ਦੀ ਪੂਰਤੀ ਕਰਦੀ ਹੋਵੇ।

**ਪ੍ਰ:2 ਵੈਬਸਾਈਟ ਦਰਸ਼ਕਾਂ ਲਈ ਤਿਆਰ ਕਰਨ ਦਾ ਕੀ ਮਤਲਬ ਹੈ? ਸੰਖੇਪ ਵਿਚ ਲਿਖੋ।**

ਉ: ਦਰਸ਼ਕਾਂ ਲਈ ਡਿਜ਼ਾਇਨਿੰਗ ਤੋਂ ਭਾਵ ਹੈ ਸਾਈਟ ਦੇ ਦਰਸ਼ਕ ਤੈਅ ਕਰਨਾ। ਇਸ ਵਿਚ ਇਹ ਧਿਆਨ ਰੱਖਿਆ ਜਾਂਦਾ ਹੈ ਕਿ ਕਿਸ ਕਿਸਮ ਦੇ ਲੋਕ ਸਾਡੀ ਸਾਈਟ ਦੇ ਦਰਸ਼ਕ ਹੋਣਗੇ – ਬੱਚੇ, ਵਕੀਲ, ਡਾਕਟਰ ਜਾਂ ਘਰੇਲੂ ਔਰਤਾਂ। ਇੱਥੇ ਇਹ ਵੀ ਧਿਆਨ ਰੱਖਣਾ ਚਾਹੀਦਾ ਹੈ ਕਿ ਦਰਸ਼ਕਾਂ ਦੀਆਂ ਸਾਡੀ ਸਾਈਟ ਤੋਂ ਕੀ ਆਸਾਂ ਹਨ। ਇਸ ਤਰਾਂ ਸਾਨੂੰ ਸਾਡੀ ਸਾਈਟ ਦਰਸ਼ਕਾਂ ਦੀ ਰੂਚੀ ਮੁਤਾਬਿਕ ਡਿਜ਼ਾਈਨ ਕਰਨੀ ਪਵੇਗੀ।

**ਪ੍ਰ:3 ਤੁਸੀਂ ਆਪਣੀ ਸਾਈਟ ਦੀ ਕਾਰਜ ਰਣਨੀਤੀ ਬਾਰੇ ਕਿਸ ਤਰਾਂ ਫੈਸਲਾ ਕਰੋਗੇ?**

ਉ: ਮੰਤਵ ਦੀ ਪ੍ਰਾਪਤੀ ਲਈ ਕੀਤੇ ਜਾਣ ਵਾਲੇ ਕਾਰਜਾਂ ਨੂੰ ਕਾਰਜ ਨੀਤੀ ਕਿਹਾ ਜਾਂਦਾ ਹੈ। ਅਸੀਂ ਆਪਣੀ ਸਾਈਟ ਦੀ ਕਾਰਜਨੀਤੀ ਲਈ ਸਾਈਟ ਵਿਚ ਕਈ ਕਿਸਮ ਦੀ ਸੂਚਨਾ ਸ਼ਾਮਿਲ ਕਰ ਸਕਦੇ ਹਾਂ, ਜਿਵੇਂ ਕਿ:

- ਟੈਕਸਟ ਸੂਚਨਾ
- ਆਡੀਓ ਸੂਚਨਾ
- ਵੀਡੀਓ ਸੂਚਨਾ

**ਪ੍ਰ:4 ਤੁਹਾਡੀ ਸਾਈਟ ਦੇ ਕਨਟੈਂਟ/ਵਿਸ਼ਾ ਵਸਤੂ ਕਿਹੋ ਜਿਹੇ ਹੋਣੇ ਚਾਹੀਂਦੇ ਹਨ?**

ਉ:ਸਾਈਟ ਦਾ ਵਿਸ਼ਾ ਵਸਤੂ ਅਜਿਹਾ ਹੋਣਾ ਚਾਹੀਂਦਾ ਹੈ ਜੋ ਦਰਸ਼ਕਾਂ ਨੂੰ ਮਹੱਤਵਪੂਰਨ ਸੂਚਨਾ ਮੁਹੱਈਆ ਕਰਵਾਏ। ਵਿਸ਼ਾ ਵਸਤੂ ਸਹੀ ਥਾਂ ਉਤੇ ਹੋਵੇ ਅਤੇ ਚੰਗੇ ਤਰੀਕੇ ਨਾਲ ਵਿਵਸਥਿਤ ਕੀਤਾ ਹੋਣਾ ਚਾਹੀਂਦਾ ਹੈ।

**ਪ੍ਰ:5 ਡੋਮੇਨ ਨੇਮ ਤੋਂ ਤੁਹਾਡਾ ਕੀ ਮਤਲਬ ਹੈ? ਜਾਂ ਪ੍ਰ:6 ਇਕ ਡੋਮੇਨ ਨੇਮ ਨੂੰ ਕਿਵੇਂ ਰਜਿਸਟਰ ਕੀਤਾ ਜਾਂਦਾ ਹੈ?**

ਉ: ਡੋਮੇਨ ਨੇਮ ਸਾਡੀ ਸਾਈਟ ਦਾ ਐਡਰੈਸ ਹੁੰਦਾ ਹੈ। ਡੋਮੇਨ ਨੇਮ .com, .net, .org ਆਦਿ ਨਾਵਾਂ ਨਾਲ ਸਮਾਪਤ ਹੁੰਦਾ ਹੈ। ਡੋਮੇਨ ਨੇਮ ਵਿਚ ਵਰਤੇ ਜਾਣ ਵਾਲੇ ਅੱਖਰਾਂ ਦੀ ਗਿਣਤੀ 63 ਹੋ ਸਕਦੀ ਹੈ। ਡੋਮੇਨ ਨੇਮ ਦੀ ਚੋਣ ਕਰਨ ਤੋਂ ਬਾਅਦ ਇਸਨੂੰ ਰਜਿਸਟਰ ਕੀਤਾ ਜਾਂਦਾ ਹੈ। ਅਸੀਂ ਆਪਣੀ ਸਾਈਟ ਨੂੰ ਸਰਵਿਸ ਪ੍ਰੋਵਾਈਡਰ ਰਾਹੀਂ ਰਜਿਸਟਰ ਕਰ ਸਕਦੇ ਹਾਂ। ਸਰਵਿਸ ਪ੍ਰੋਵਾਈਡਰ ਡੋਮੇਨ ਨੇਮ ਰਜਿਸਟਰ ਕਰਨ ਬਦਲੇ ਸਾਡੇ ਤੋਂ ਫੀਸ ਵਸੂਲਦਾ ਹੈ।

**ਪ੍ਰ:7 ਇੰਟਰਨੈਟ ਦੀ ਦੁਨੀਆ ਵਿਚ ਸਰਵਰ ਦੀ ਕੀ ਭੂਮਿਕਾ ਹੈ?**

ਉ: ਸਾਡੀ ਸਾਈਟ ਨੂੰ ਅਮਲ ਵਿਚ ਲਿਆਉਣ ਲਈ ਸਰਵਰ ਦੀ ਚੋਣ ਬਹੁਤ ਮਹਤੱਤਾ ਰੱਖਦੀ ਹੈ। ਸਰਵਰ ਉਹ ਕੰਪਿਊਟਰ ਹੁੰਦਾ ਹੈ ਜਿੱਥੇ ਸਾਡੀ ਸਾਈਟ ਨੇ ਸਥਾਈ ਰੂਪ ਵਿਚ ਰਹਿਣਾ ਹੈ। ਅਸੀਂ ਆਪਣਾ ਸਰਵਰ ਖਰੀਦ ਵੀ ਸਕਦੇ ਹਾਂ ਜਾਂ ਕਿਰਾਏ ਤੇ ਵੀ ਲੈ ਸਕਦੇ ਹਾਂ। ਵੈਬ ਸਾਈਟਾਂ ਦੀ ਦੁਨੀਆਂ ਵਿਚ ਸਰਵਰ ਦਾ ਅਹਿਮ ਰੋਲ ਹੈ। ਅਜਿਹੇ ਵਿਸ਼ੇਸ਼ ਕਿਸਮ ਦੇ ਸਰਵਰ ਨੂੰ ਵੈਬ ਸਰਵਰ ਵੀ ਕਿਹਾ ਜਾਂਦਾ ਹੈ।

**ਪ੍ਰ:8 ਵੈਬ ਪੇਜ਼ ਡਿਜਾਈਨ ਕਰਦੇ ਸਮੇਂ ਕਿਹੜੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ?**

ਉ:ਵੈਬ ਪੇਜ਼ ਡਿਜਾਈਨ ਕਰਦੇ ਸਮੇਂ ਹੇਠ ਲਿਖਿਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ:

- ਇਹ ਦੋ ਸਕ੍ਰੀਨ ਤੋਂ ਲੰਬਾ ਨਹੀਂ ਹੋਣਾ ਚਾਹੀਂਦਾ।
- ਜੇਕਰ ਪੇਜ਼ ਲੰਬਾ ਹੋਵੇ ਤਾਂ ਬੁੱਕਮਾਰਕ ਦੀ ਵਰਤੋਂ ਕਰਨੀ ਚਾਹੀਂਦੀ ਹੈ।
- ਜੇਕਰ ਪੇਜ਼ ਇਕ ਸਕ੍ਰੀਨ ਤੋਂ ਲੰਬਾ ਹੈ ਤਾਂ ਪਹਿਲਾਂ ਦਰਸ਼ਕਾਂ ਨੂੰ ਸਿਰਫ ਕੁੱਝ ਭਾਗ ਹੀ ਦਿਖਾਓ। ਬਾਕੀ ਭਾਗ ਲਿੰਕ ਬਣਾ ਕੇ ਲੋੜ ਪੈਣ ਤੇ ਦਿਖਾਏ ਜਾਣ।

**ਪ੍ਰ:9 ਕਿਸੇ ਸਾਈਟ ਨੂੰ ਅੱਪਲੋਡ ਕਰਨ ਦੀ ਪ੍ਰਕਿਰਿਆ ਲਿਖੋ।**

ਉ: ਸਾਡੀ ਸਾਈਟ ਨੂੰ ਸਾਰੇ ਲੋਕ ਵਰਤ ਸਕਣ ਇਸ ਲਈ ਸਾਈਟ ਨੂੰ ਵੈਬ ਸਰਵਰ ਉਪਰ ਅਪਲੋਡ ਕੀਤਾ ਜਾਂਦਾ ਹੈ। ਵੈਬਪੇਜ਼ਾਂ ਨੂੰ ਹੋਸਟ ਤੱਕ ਪਹੁੰਚਾਉਣ ਲਈ FTP ਕਲਾਇੰਟ ਦੀ ਜਰੂਰਤ ਪੈਂਦੀ ਹੈ। FTP ਕਲਾਇੰਟ ਪ੍ਰੋਗਰਾਮ ਸੈਟ ਕਰਨ ਤੋਂ ਬਾਅਦ ਅਸੀਂ ਇੰਟਰਨੈਟ ਰਾਹੀਂ ਵੈਬ ਸਾਈਟ ਨੂੰ ਸਰਵਰ ਉਪਰ ਅੱਪਲੋਡ ਕਰ ਸਕਦੇ ਹਾਂ।

**ਪ੍ਰ:10 ਆਫ ਲਾਈਨ ਟੈਸਟਿੰਗ ਤੋਂ ਕੀ ਭਾਵ ਹੈ?**
ਉ:ਵੈਬਸਾਈਟ ਤਿਆਰ ਕਰਨ ਤੋਂ ਬਾਅਦ ਇਸਨੂੰ ਵੈਬ ਬ੍ਰਾਊਜ਼ਰ ਉਪਰ ਟੈਸਟ ਕੀਤਾ ਜਾਂਦਾ ਹੈ। ਇਸ ਟੈਸਟ ਲਈ ਇੰਟਰਨੈਟ ਦੀ ਜ਼ਰੂਰਤ ਨਹੀਂ ਪੈਂਦੀ। ਇਸੇ ਕਾਰਨ ਇਸਨੂੰ ਆਫ ਲਾਈਨ ਟੈਸਟ ਕਿਹਾ ਜਾਂਦਾ ਹੈ। ਆਫ ਲਾਈਨ ਟੈਸਟ ਵਿਚ ਸਭ ਤੋਂ ਪਹਿਲਾਂ ਹੋਮਪੇਜ਼ ਖੋਲਿਆ ਜਾਂਦਾ ਹੈ। ਫਿਰ ਇਕ ਇਕ ਕਰਕੇ ਬਾਕੀ ਲਿੰਕ ਕੀਤੇ ਗਏ ਵੈਬਪੇਜ਼ਾਂ ਨੂੰ ਚੈੱਕ ਕੀਤਾ ਜਾਂਦਾ ਹੈ। ਆਫ ਲਾਈਨ ਟੈਸਟ ਵਿਚ ਸਾਨੂੰ ਆਪਣੀ ਸਾਈਟ ਨੂੰ ਵੱਖ-ਵੱਖ ਵੈਬ ਬ੍ਰਾਊਜ਼ਰਾਂ ਵਿਚ ਟੈਸਟ ਕਰ ਲੈਣਾ ਚਾਹੀਦਾ ਹੈ।

**ਪ੍ਰ:11 ਆਨ ਲਾਈਨ ਟੈਸਟਿੰਗ ਤੋਂ ਕੀ ਭਾਵ ਹੈ?**
ਉ: ਆਫ ਲਾਈਨ ਟੈਸਟਿੰਗ ਤੋਂ ਬਾਅਦ ਵੈਬਸਾਈਟ ਨੂੰ ਸਰਵਰ ਤੇ ਅਪਲੋਡ ਕੀਤਾ ਜਾਂਦਾ ਹੈ। ਸਾਈਟ ਅਪਲੋਡ ਹੋਣ ਤੋਂ ਬਾਅਦ ਇਸਨੂੰ ਆਨ ਲਾਈਨ ਟੈਸਟ ਕੀਤਾ ਜਾਂਦਾ ਹੈ। ਆਨਲਾਈਨ ਟੈਸਟ ਕਰਨ ਲਈ ਇੰਟਰਨੈਟ ਦੀ ਜਰੂਰਤ ਪੈਂਦੀ ਹੈ। ਇਸ ਟੈਸਟ ਲਈ ਸਭ ਤੋਂ ਪਹਿਲਾਂ ਇੰਟਰਨੈਟ ਨਾਲ ਕਨੈਕਟ ਹੋਵੋ। ਫਿਟ ਵੈਬ ਬ੍ਰਾਊਜ਼ਰ ਖੋਲੋ ਅਤੇ ਫਿਰ ਆਪਣੀ ਵੈਬਸਾਈਟ ਦਾ ਐਡਰੈਸ ਟਾਈਪ ਕਰੋ।ਸਭ ਤੋਂ ਪਹਿਲਾਂ ਹੋਮਪੇਜ਼ ਖੋਲਿਆ ਜਾਂਦਾ ਹੈ। ਫਿਰ ਇਕ ਇਕ ਕਰਕੇ ਬਾਕੀ ਲਿੰਕ ਕੀਤੇ ਗਏ ਵੈਬਪੇਜ਼ਾਂ ਨੂੰ ਚੈੱਕ ਕੀਤਾ ਜਾਂਦਾ ਹੈ। ਆਨ ਲਾਈਨ ਟੈਸਟ ਵਿਚ ਵੀ ਸਾਨੂੰ ਆਪਣੀ ਸਾਈਟ ਨੂੰ ਵੱਖ-ਵੱਖ ਵੈਬ ਬ੍ਰਾਊਜ਼ਰਾਂ ਵਿਚ ਟੈਸਟ ਕਰ ਲੈਣਾ ਚਾਹੀਦਾ ਹੈ।

## ਵੱਡੇ ਉਤਰਾਂ ਵਾਲੇ ਪ੍ਰਸ਼ਨ

**ਪ੍ਰ:1 ਕਿਸੇ ਵੈਬ ਸਾਈਟ ਦੀ ਯੋਜਨਾ ਬਣਾਉਣ ਲਈ ਵੱਖ-ਵੱਖ ਕਦਮ ਲਿਖੋ।**
ਉ: ਕਿਸੇ ਵੈਬ ਸਾਈਟ ਦੀ ਯੋਜਨਾ ਬਣਾਉਣ ਲਈ ਹੇਠ ਲਿਖੇ ਕਦਮ ਹਨ:
1. ਵੈਬਸਾਈਟ ਦਾ ਟੀਚਾ ਤੈਅ ਕਰਨਾ
2. ਵੈਬਸਾਈਟ ਦਰਸ਼ਕਾਂ ਅਨੁਸਾਰ ਤਿਆਰ ਕਰਨਾ
3. ਕਾਰਜ ਨੀਤੀ ਤਿਆਰ ਕਰਨਾ
4. ਵੈਬਪੇਜਾਂ ਲਈ ਸਮਗਰੀ ਤਿਆਰ ਕਰਨਾ

**ਪ੍ਰ:2 ਕਿਸੇ ਵੈਬਸਾਈਟ ਨੂੰ ਲਾਗੂ ਕਰਨ ਲਈ ਲੋੜੀਂਦੇ ਦਿਸ਼ਾ ਨਿਰਦੇਸ਼ਾਂ ਦਾ ਵਰਨਣ ਕਰੋ।**
ਉ: ਕਿਸੇ ਵੈਬਸਾਈਟ ਨੂੰ ਲਾਗੂ ਕਰਨ ਲਈ ਲੋੜੀਂਦੇ ਦਿਸ਼ਾ ਨਿਰਦੇਸ਼ਾਂ ਹੇਠ ਲਿਖੇ ਹਨ:
1. ਡੋਮੇਨ ਨੇਮ ਦੀ ਚੋਣ ਕਰਨੀ
2. ਡੋਮੇਨ ਨੇਮ ਨੂੰ ਰਜਿਸਟਰ ਕਰਨਾ
3. ਵੈਬ ਸਰਵਰ ਦੀ ਚੋਣ ਕਰਨੀ
4. ਵੈਬਪੇਜ਼ ਦਾ ਪ੍ਰਬੰਧ ਕਰਨਾ
5. ਵੈਬਪੇਜ਼ ਦੀ ਦਿੱਖ ਨਿਸ਼ਚਿਤ ਕਰਨਾ
6. ਆਪਣਾ ਕੋਡ ਵੈਲੀਡੇਟ ਕਰਨਾ
7. ਆਫਲਾਈਨ ਟੈਸਟਿੰਗ
8. ਸਾਈਟ ਨੂੰ ਅੱਪਲੋਡ ਕਰਨਾ
9. ਆਨਲਈਨ ਟੈਸਟਿੰਗ ਕਰਨਾ
10. ਸਰਚ ਇੰਜਣ ਓਪਟੀਮਾਈਜੇਸ਼ਨ ਦੀ ਵਰਤੋਂ

**ਪ੍ਰ:3 ਆਫਲਾਈਨ ਟੈਸਟਿੰਗ ਅਤੇ ਆਨਲਾਈਨ ਟੈਸਟਿੰਗ ਵਿਚ ਕੀ ਅੰਤਰ ਹੈ?**
ਉ: ਆਫਲਾਈਨ ਟੈਸਟਿੰਗ ਅਤੇ ਆਨਲਾਈਨ ਟੈਸਟਿੰਗ ਵਿਚ ਅੰਤਰ ਇਸ ਪ੍ਰਕਾਰ ਹੈ:

**ਆਫਲਾਈਨ ਟੈਸਟਿੰਗ:**
ਵੈਬਸਾਈਟ ਤਿਆਰ ਕਰਨ ਤੋਂ ਬਾਅਦ ਇਸਨੂੰ ਵੈਬ ਬ੍ਰਾਊਜ਼ਰ ਉਪਰ ਟੈਸਟ ਕੀਤਾ ਜਾਂਦਾ ਹੈ। ਇਸ ਟੈਸਟ ਲਈ ਇੰਟਰਨੈਟ ਦੀ ਜ਼ਰੂਰਤ ਨਹੀਂ ਪੈਂਦੀ। ਇਸੇ ਕਾਰਨ ਇਸਨੂੰ ਆਫ ਲਾਈਨ ਟੈਸਟ ਕਿਹਾ ਜਾਂਦਾ ਹੈ। ਆਫ ਲਾਈਨ ਟੈਸਟ ਵਿਚ ਸਭ ਤੋਂ ਪਹਿਲਾਂ ਹੋਮਪੇਜ਼ ਖੋਲਿਆ ਜਾਂਦਾ ਹੈ। ਫਿਰ ਇਕ ਇਕ ਕਰਕੇ ਬਾਕੀ ਲਿੰਕ ਕੀਤੇ ਗਏ ਵੈਬਪੇਜ਼ਾਂ ਨੂੰ ਚੈੱਕ ਕੀਤਾ ਜਾਂਦਾ ਹੈ। ਆਫ ਲਾਈਨ ਟੈਸਟ ਵਿਚ ਸਾਨੂੰ ਆਪਣੀ ਸਾਈਟ ਨੂੰ ਵੱਖ-ਵੱਖ ਵੈਬ ਬ੍ਰਾਊਜ਼ਰਾਂ ਵਿਚ ਟੈਸਟ ਕਰ ਲੈਣਾ ਚਾਹੀਦਾ ਹੈ।

**ਆਨਲਾਈਨ ਟੈਸਟਿੰਗ:**
ਉ: ਆਫ ਲਾਈਨ ਟੈਸਟਿੰਗ ਤੋਂ ਬਾਅਦ ਵੈਬਸਾਈਟ ਨੂੰ ਸਰਵਰ ਤੇ ਅਪਲੋਡ ਕੀਤਾ ਜਾਂਦਾ ਹੈ। ਸਾਈਟ ਅਪਲੋਡ ਹੋਣ ਤੋਂ ਬਾਅਦ ਇਸਨੂੰ ਆਨ ਲਾਈਨ ਟੈਸਟ ਕੀਤਾ ਜਾਂਦਾ ਹੈ। ਆਨਲਾਈਨ ਟੈਸਟ ਕਰਨ ਲਈ ਇੰਟਰਨੈਟ ਦੀ ਜਰੂਰਤ ਪੈਂਦੀ ਹੈ। ਇਸ ਟੈਸਟ ਲਈ ਸਭ ਤੋਂ ਪਹਿਲਾਂ ਇੰਟਰਨੈਟ ਨਾਲ ਕਨੈਕਟ ਹੋਵੋ। ਫਿਟ ਵੈਬ ਬ੍ਰਾਊਜ਼ਰ ਖੋਲੋ ਅਤੇ ਫਿਰ ਆਪਣੀ ਵੈਬਸਾਈਟ ਦਾ ਐਡਰੈਸ ਟਾਈਪ ਕਰੋ।ਸਭ ਤੋਂ ਪਹਿਲਾਂ ਹੋਮਪੇਜ਼ ਖੋਲਿਆ ਜਾਂਦਾ ਹੈ। ਫਿਰ ਇਕ ਇਕ ਕਰਕੇ ਬਾਕੀ ਲਿੰਕ ਕੀਤੇ ਗਏ ਵੈਬਪੇਜ਼ਾਂ ਨੂੰ ਚੈੱਕ ਕੀਤਾ ਜਾਂਦਾ ਹੈ। ਆਨ ਲਾਈਨ ਟੈਸਟ ਵਿਚ ਵੀ ਸਾਨੂੰ ਆਪਣੀ ਸਾਈਟ ਨੂੰ ਵੱਖ-ਵੱਖ ਵੈਬ ਬ੍ਰਾਊਜ਼ਰਾਂ ਵਿਚ ਟੈਸਟ ਕਰ ਲੈਣਾ ਚਾਹੀਦਾ ਹੈ।

**ਪ੍ਰ:4 ਐਸ.ਈ.ਓ. ਕੀ ਹੈ?**
ਓ: ਐਸ.ਈ.ਓ. ਦਾ ਪੂਰਾ ਨਾਂ ਸਰਚ ਇੰਜਣ ਓਪਟੀਮਾਈਜੇਸ਼ਨ ਹੈ। ਇਹ ਇਕ ਅਜਿਹੀ ਕਾਰਜਪ੍ਰਣਾਲੀ ਹੈ ਜਿਸ ਦੀ ਵਰਤੋਂ ਕਿਸੇ ਵੈਬਸਾਈਟ ਨੂੰ ਸਰਚ ਇੰਜਣਾਂ ਤੱਕ ਪਹੁੰਚਾਉਣ ਲਈ ਕੀਤੀ ਜਾਂਦੀ ਹੈ। ਇਸਦੀ ਵਰਤੋਂ ਨਾਲ ਅਸੀਂ ਆਪਣੀ ਵੈਬਸਾਈਟ ਨੂੰ ਇਸ ਯੋਗ ਬਣਾ ਸਕਦੇ ਹਾਂ ਕਿ ਸਰਚ ਇੰਜਣ ਇਸਨੂੰ ਆਸਾਨੀ ਨਾਲ ਲੱਭ ਸਕਣ। ਐਸ.ਈ.ਓ. ਅਜਿਹੀਆਂ ਰਣਨੀਤੀਆਂ ਅਤੇ ਤਕਨੀਕਾਂ ਪ੍ਰਦਾਨ ਕਰਦੀ ਹੈ ਜਿਨ੍ਹਾਂ ਦੀ ਮਦਦ ਨਾਲ ਅਸੀਂ ਆਪਣੀ ਵੈਬ ਸਾਈਟ ਤੱਕ ਲੋਕਾਂ ਦੀ ਪਹੁੰਚ ਵਧਾ ਸਕਦੇ ਹਾਂ। ਐਸ.ਈ.ਓ. ਦੀ ਮਦਦ ਨਾਲ ਸਾਡੀ ਵੈਬਸਾਈਟ ਸਰਚ ਇੰਜਣ ਦੇ ਸਰਚ ਨਤੀਜਿਆਂ ਵਿਚ ਵਧੀਆ ਰੈਂਕ ਪ੍ਰਾਪਤ ਕਰ ਸਕਦੀ ਹੈ।

**ਪ੍ਰ:5 ਐਸ.ਐਮ.ਐਮ. ਕੀ ਹੈ?**

ਉ: ਐਸ.ਐਮ.ਐਮ. ਦਾ ਪੂਰਾ ਰੂਪ ਸੋਸ਼ਲ ਮੀਡੀਆ ਮਾਰਕੀਟਿੰਗ ਹੈ। ਇਹ ਇੰਟਰਨੈਟ ਮਾਰਕੀਟਿੰਗ ਦਾ ਇਕ ਰੂਪ ਹੈ। ਇਸ ਵਿਚ ਸੋਸ਼ਲ ਨੈਟਵਰਕਿੰਗ ਵੈਬਸਾਈਟਸ ਨੂੰ ਇਕ ਮਾਰਕੀਟਿੰਗ ਟੂਲ ਦੇ ਤੌਰ ਤੇ ਵਰਤਿਆ ਜਾਂਦਾ ਹੈ। SMM ਦਾ ਟੀਚਾ ਉਹ ਸਮੱਗਰੀ ਤਿਆਰ ਕਰਨਾ ਹੈ ਜੋ ਗ੍ਰਾਹਕ ਆਪਣੇ ਸੋਸ਼ਲ ਨੈਟਵਰਕ ਨਾਲ ਸਾਂਝਾ ਕਰਨਗੇ। ਅਜਿਹਾ ਕਰਨ ਨਾਲ ਕੰਪਨੀ ਦੀ ਬ੍ਰਾਂਡ ਐਕਸਪੋਜਰ ਵਧੇਗੀ ਅਤੇ ਜਿਆਦਾ ਗ੍ਰਾਹਕਾਂ ਤੱਕ ਕੰਪਨੀ ਦੀ ਪਹੁੰਚ ਵਿਚ ਵਾਧਾ ਹੋਵੇਗਾ।

## ਪਾਠ–5 (ਡੈਸਕਟਾਪ ਪਬਲੀਸ਼ਿੰਗ)

### ਬਹੁ–ਚੋਣਵੇ ਪ੍ਰਸ਼ਨ

1. ਕਿਸ ਪ੍ਰੋਗਰਾਮ ਦੀ ਵਰਤੋਂ ਕਿਤਾਬਾਂ, ਮੈਗਜ਼ੀਨ, ਅਕਬਾਰਾਂ, ਫਲਾਇਰ, ਪੈਫਲਿਟ ਅਤੇ ਹੋਰ ਕਿਸਮ ਦੇ ਪ੍ਰਿੰਟਿਡ ਡਾਕੂਮੈਂਟ ਤਿਆਰ ਕਰਨ ਲਈ ਕੀਤੀ ਜਾ ਸਕਦੀ ਹੈ? **(ਡੈਸਕਟਾਪ ਪਬਲੀਸ਼ਿੰਗ)**
2. ਇਹ ਡਿਸਪਲੇਅ ਸਕ੍ਰੀਨ ਤੇ ਡਾਕੂਮੈਂਟ ਨੂੰ ਬਿਲਕੁਲ ਉਸੇ ਤਰ੍ਹਾਂ ਦਰਸ਼ਾਉਂਦੀ ਹੈ,ਜਿਸ ਤਰ੍ਹਾਂ ਡਾਕੂਮੈਂਟ ਪ੍ਰਿੰਟ ਹੋ ਕੇ ਲਗਦਾ ਹੈ। **(WYSIWYG)**
3. ਇਹ ਇਕ ਬਾਹਰੀ ਆਊਟਪੁੱਟ ਯੰਤਰ ਹੈ ਜੋ ਕੰਪਿਊਟਰ ਤੋਂ ਡਾਟਾ ਲੈਂਦਾ ਹੈ ਅਤੇ ਪੇਪਰ ਤੇ ਗ੍ਰਾਫਿਕਸ ਜਾਂ ਟੈਕਸਟ ਦੇ ਰੂਪ ਵਿਚ ਆਊਟਪੁੱਟ ਤਿਆਰ ਕਰਦਾ ਹੈ। **(ਪ੍ਰਿੰਟਰ)**
4. ਇਕ ਪ੍ਰਿੰਟਰ ਜੋ ਇਕ ਫੋਟੋਕਾਪੀ ਮਸ਼ੀਨ ਵਾਂਗ ਕੰਮ ਕਰਦਾ ਹੈ। **(ਲੇਜ਼ਰ)**
5. ਆਇਤਾਕਾਰ ਖੇਤਰ ਜੋ ਕਿ ਗ੍ਰਾਫਿਕਸ ਅਤੇ ਟੈਕਸਟ ਇਨਸਰਟ ਕਰਨ ਲਈ ਬਣੇ ਹੁੰਦੇ ਹਨ। **(ਫਰੇਮਜ਼)**
6. ਇਹ ਇਕ ਇਮੇਜ/ਤਸਵੀਰ ਦੀ ਵਿਜ਼ੂਅਲ ਪੇਸ਼ਕਾਰੀ ਹੈ। **(ਗ੍ਰਾਫਿਕਸ)**
7. ਇੰਕਜੈਂਟ ਪ੍ਰਿੰਟਰ ਪੇਪਰ ਤੇ ਸਿਆਹੀ ਸਪਰੇਅ ਕਰਕੇ ______ ਅੱਖਰ ਪ੍ਰਤੀ ਸਕਿੰਟ ਦੇ ਹਿਸਾਬ ਨਾਲ ਅੱਖਰ ਬਣਾਉਂਦਾ ਹੈ। **(250)**
8. __________ ਸਿਆਹੀ ਦੀਆਂ ਛੋਟੀਆਂ ਬੂੰਦਾ ਨਾਲ ਬਣਦੇ ਹਨ। **(ਡਾਟਸ)**
9. ਇਹ ਪਿੰਨਜ਼ ਨੂੰ ਰਿਬਨ ਤੇ ਸਟ੍ਰਾਇਕ ਜਾਂ ਪ੍ਰੈਸ ਕਰਕੇ ਕਾਗਜ਼ ਤੇ ਤਸਵੀਰਾਂ ਜਾਂ ਟੈਕਸਟ ਨੂੰ ਪ੍ਰਿੰਟ ਕਰਦਾ ਹੈ। **(ਇਮਪੈਕਟ ਪ੍ਰਿੰਟਰ)**
10. ਇਹ ਗ੍ਰਾਫਿਕਸ ਹਰੇਕ ਪਿਕਸਲ ਬਾਰੇ ਜਾਣਕਾਰੀ ਸਟੋਰ ਨਹੀਂ ਕਰਦੇ ਹਨ, ਇਸ ਲਈ ਫਾਈਲ ਦਾ ਆਕਾਰ, ਇਮੇਜ਼ ਦੇ ਆਕਾਰ ਤੇ ਨਿਰਭਰ ਨਹੀਂ ਕਰਦਾ। **(ਵੈਕਟਰ ਗ੍ਰਾਫਿਕਸ)**

### ਖਾਲੀ ਥਾਵਾਂ ਭਰੋ

1. Arial, Helvetica, Times and Verdana **ਟਾਈਪਫੇਸ** ਦੀ ਉਦਾਹਰਣ ਹਨ ਅਤੇ ਇਹਨਾਂ ਦਾ ਇਕੋ ਜਿਹਾ **ਡਿਜ਼ਾਈਨ** ਹੁੰਦਾ ਹੈ।
2. ਇਕ ਗਟਰ ਮਾਰਜਨ ਸੈਟਿੰਗ ਉਸ ਡਾਕੂਮੈਂਟ ਦੇ **Left** ਜਾਂ **Top** ਮਾਰਜਨ ਵਿਚ ਵਾਧੂ ਥਾਂ ਜੋੜਦੀ ਹੈ, ਜਿਸ ਨੂੰ ਅਸੀਂ ਬਾਈਂਡ ਕਰਨ ਲਈ ਬਨਾਉਂਦੇ ਹਾਂ।
3. ਪੋਲੀਗਨ ਫਰਾਮ ਨੂੰ ਕਿਸੇ ਵੀ **ਸ਼ੇਪ** ਅਤੇ **ਸਾਈਜ਼** ਵਿਚ ਬਦਲਿਆ ਜਾ ਸਕਦਾ ਹੈ।
4. ਵੈਬਪੇਜ਼ ਵਿਚ ਕੰਨਟੈਂਟ ਸਿਰਫ **ਦੇਖਣ ਯੋਗ** ਹੁੰਦੇ ਹਨ ਨਾਂ ਕਿ **ਪ੍ਰਿੰਟ** ਕਰਨ ਲਈ ਡਿਜ਼ਾਈਨ ਕੀਤੇ ਜਾਂਦੇ ਹਨ।
5. ਲੇਜ਼ਰ ਪ੍ਰਿੰਟਰ **ਬਫਰਜ਼** ਦੀ ਵਰਤੋਂ ਕਰਦੇ ਹਨ ਜੋ ਕਿ ਇਕ ਸਮੇਂ ਉਤੇ **ਪੂਰੇ ਪੇਜ਼** ਨੂੰ ਸਟੋਰ ਕਰਦੇ ਹਨ।

### ਸਹੀ ਗਲਤ ਦੱਸੋ

1. DTP ਦਾ ਅਰਥ ਹੈ ਡੈਸਕਟਾਪ ਪਬਲੀਸ਼ਿੰਗ **(ਸਹੀ)**
2. ਡੈਸਕਟਾਪ ਪਬਲੀਸ਼ਿੰਗ ਹਾਰਡਵੇਅਰ ਅਤੇ ਸਾਫਟਵੇਅਰ ਦੀ ਵਰਤੋਂ ਵੈਬਪੇਜ਼ ਬਨਾਉਣ ਅਤੇ ਡਿਜ਼ਾਇਨ ਕਰਨ ਲਈ ਵੀ ਕੀਤੀ ਜਾਂਦੀ ਹੈ। **(ਸਹੀ)**
3. ਇੰਕਜੈਟ ਪ੍ਰਿੰਟਰ ਵਿਚ ਸਿਆਹੀ ਪੇਪਰ ਦੁਆਰਾ ਸੋਖ ਲਈ ਜਾਂਦੀ ਹੈ ਅਤੇ ਤੁਰੰਤ ਸੁੱਕ ਜਾਂਦੀ ਹੈ। **(ਗਲਤ)**
4. ਫਰੇਮਜ਼ ਯੂਜ਼ਰ ਨੂੰ ਆਬਜੈਕਟ ਨੂੰ ਉਸ ਥਾਂ ਤੇ ਰੱਖਣ ਦੀ ਆਗਿਆ ਦਿੰਦਾ ਹੈ ਜਿਸ ਥਾਂ ਤੇ ਉਹ ਉਸਨੂੰ ਰੱਖਣਾ ਚਾਹੁੰਦਾ ਹੈ। **(ਸਹੀ)**
5. ਡਾਟ-ਮੈਟ੍ਰਿਕਸ ਪ੍ਰਿੰਟਰ ਵਿਚ 19 ਤੋਂ 124 ਪਿੰਨ ਵਾਲਾ ਪ੍ਰਿੰਟ ਹੈਡ ਹੁੰਦਾ ਹੈ। **(ਗਲਤ)**

### ਬਹੁਤ ਛੋਟੇ ਉਤਰਾਂ ਵਾਲੇ ਪ੍ਰਸ਼ਨ

1. ਕਿਹੜਾ ਪ੍ਰਿੰਟਰ ਇਕ ਮਿੰਟ ਵਿਚ 1200 ਤੋਂ 6000 ਲਾਈਨਾਂ ਪ੍ਰਿੰਟ ਕਰਦਾ ਹੈ। **(ਲਾਈਨ ਪ੍ਰਿੰਟਰ)**
2. ਕਿਹੜੇ ਇਮੇਜਿਜ਼ ਦੋ ਜਾਂ ਤਿੰਨ੍ਹ ਆਯਾਮੀ ਹੋ ਸਕਦੇ ਹਨ। **(ਕੰਪਿਊਟਰ ਗ੍ਰਾਫਿਕਸ)**
3. ਕਿਸ ਪ੍ਰਿੰਟਰ ਵਿਚ ਇਕ ਵਿਸ਼ੇਸ਼ ਪਰਤ ਹੁੰਦੀ ਹੈ, ਜਿਸ ਵਿਚ ਟੋਨਰ (ਇਕ ਸਿਆਹੀ ਪਾਊਡਰ) ਚਿਪਕ ਜਾਂਦਾ ਹੈ। **(ਲੇਜ਼ਰ ਪ੍ਰਿੰਟਰ)**
4. ਇਕੋ ਜਿਹੇ ਡਿਜ਼ਾਈਨ ਦੇ ਅੱਖਰਾਂ ਦੇ ਸਮੂਹ ਨੂੰ ਕੀ ਕਹਿੰਦੇ ਹਨ? **(ਟਾਈਪ ਫੇਸ)**
5. ਇਕ ਪੇਜ਼ ਦੀ ਮੁੱਖ ਸਮੱਗਰੀ ਅਤੇ ਪੇਜ਼ ਦੇ ਕਿਨਾਰੇ ਦੇ ਵਿਚਕਾਰ ਦੇ ਖੇਤਰ ਨੂੰ ਕੀ ਕਹਿੰਦੇ ਹਨ? **(ਮਾਰਜਿਨ)**

### ਛੋਟੇ ਉਤਰਾਂ ਵਾਲੇ ਪ੍ਰਸ਼ਨ

**ਪ੍ਰ:1 ਡੈਸਕਟਾਪ ਪਬਲਿਸ਼ਿੰਗ ਕੀ ਹੈ?**

ਉ: ਡੈਸਕਟਾਪ ਪਬਲਿਸ਼ਿੰਗ ਨੂੰ DTP ਨਾਂ ਨਾਲ ਵੀ ਜਾਣਿਆ ਜਾਂਦਾ ਹੈ। DTP ਉਹ ਐਪਲੀਕੇਸ਼ਨ ਹੈ ਜਿਸਦੀ ਵਰਤੋਂ ਕਰਕੇ ਕੰਪਿਊਟਰ ਦੀ ਮਦਦ ਨਾਲ ਵਿਜ਼ਟਿੰਗ ਕਾਰਡ, ਮੈਗਜ਼ੀਨ, ਕੈਲੰਡਰ, ਇਸ਼ਤਿਹਾਰ ਆਦਿ ਚੰਗੀ ਕੁਆਲਟੀ ਨਾਲ ਛਾਪ ਸਕਦੇ ਹਾਂ। ਇਹ ਕੰਮ ਪਬਲਿਸ਼ਿੰਗ ਅਤੇ ਪ੍ਰਿੰਟਿੰਗ ਨਾਲ ਸੰਬੰਧਤ ਹੁੰਦਾ ਹੈ। ਡਾਕੂਮੈਂਟ ਨੂੰ ਸੁੰਦਰ, ਸਹੀ ਅਤੇ ਵਧੀਆ ਡਿਜ਼ਾਈਨ ਨਾਲ ਤਿਆਰ ਕਰਨ ਲਈ ਡੈਸਕਟਾਪ ਪਬਲਿਸ਼ਿੰਗ ਐਪਲੀਕੇਸ਼ਨ ਦੀ ਵਰਤੋਂ ਕੀਤੀ ਜਾਂਦੀ ਹੈ।ਇਸ ਵਿਚ ਪੇਜ਼ ਲੇਆਊਟ ਤਿਆਰ ਕਰਨਾ ਆਸਾਨ ਹੁੰਦਾ ਹੈ।ਇਸ ਵਿਚ ਹਰ ਇਕ ਆਬਜੈਕਟ (ਟੈਕਸਟ ਅਤੇ ਗ੍ਰਾਫਿਕਸ) ਨੂੰ ਅਲਗ-ਅਲਗ ਕੰਟਰੋਲ ਕੀਤਾ ਜਾ ਸਕਦਾ ਹੈ।

**ਪ੍ਰ:2 ਪ੍ਰਿੰਟਰ ਦੀਆਂ ਵੱਖ-ਵੱਖ ਕਿਸਮਾਂ ਕਿਹੜੀਆਂ ਹਨ?**

**ਉ:** ਪ੍ਰਿੰਟਰ ਇਕ ਹਾਰਡਕਾਪੀ ਆਊਟਪੁੱਟ ਯੰਤਰ ਹੈ। ਇਸਦੀ ਵਰਤੋਂ ਆਊਟਪੁੱਟ ਨੂੰ ਇਕ ਕਾਗਜ਼ ਉਪਰ ਪ੍ਰਿੰਟ ਕਰਨ ਲਈ ਕੀਤੀ ਜਾਂਦੀ ਹੈ। ਪ੍ਰਿੰਟਰ ਮੁੱਖ ਤੌਰ ਤੇ ਦੋ ਕਿਸਮਾਂ ਦੇ ਹੁੰਦੇ ਹਨ:


1. **ਇਮਪੈਕਟ ਪ੍ਰਿੰਟਰ**: ਇਹਨਾਂ ਪ੍ਰਿੰਟਰਾਂ ਵਿਚ ਪ੍ਰਿੰਟਰ-ਹੈਡ ਪ੍ਰਿੰਟ ਕਰਨ ਲਈ ਕਾਗਜ਼ ਉਪਰ ਸਟ੍ਰਾਇਕ ਕਰਦਾ ਹੈ।
2. **ਨਾਨ-ਇਮਪੈਕਟ ਪ੍ਰਿੰਟਰ**: ਇਹਨਾਂ ਪ੍ਰਿੰਟਰਾਂ ਵਿਚ ਪ੍ਰਿੰਟਰ-ਹੈਡ ਪ੍ਰਿੰਟ ਕਰਨ ਲਈ ਕਾਗਜ਼ ਉਪਰ ਸਟ੍ਰਾਇਕ ਨਹੀਂ ਕਰਦਾ।

**ਪ੍ਰ:3 ਫਰੇਮ ਕੀ ਹੈ?**

ਉ: ਫਰੇਮਜ਼ ਦੀ ਵਰਤੋਂ DTP ਸਾਫਟਵੇਅਰਾਂ ਵਿਚ ਕੀਤੀ ਜਾਂਦੀ ਹੈ। ਇਹ ਆਇਤਾਕਾਰ ਖੇਤਰ ਹੁੰਦੇ ਹਨ।ਇਹਨਾਂ ਦੀ ਵਰਤੋਂ ਗ੍ਰਾਫਿਕਸ ਅਤੇ ਟੈਕਸਟ ਇਨਸਰਟ ਕਰਨ ਲਈ ਕੀਤੀ ਜਾਂਦੀ ਹੈ। ਇਹ ਯੂਜ਼ਰ ਨੂੰ ਆਬਜੈਕਟ ਨੂੰ ਉਸ ਥਾਂ ਤੇ ਰੱਖਣ ਦੀ ਆਗਿਆ ਦਿੰਦਾ ਹੈ ਜਿਸ ਥਾਂ ਤੇ ਉਹ ਉਸਨੂੰ ਰੱਖਣਾ ਚਾਹੁੰਦਾ ਹੈ। ਫਰੇਮ ਆਇਤਾਕਾਰ, ਓਵਲ, ਜਾਂ ਪੋਲੀਗਾਨ ਸ਼ੇਪ ਵਿਚ ਹੋ ਸਕਦੇ ਹਨ। ਪੋਲੀਗਾਨ ਫਰੇਮ ਨੂੰ ਕਿਸੇ ਵੀ ਆਕਾਰ ਵਿਚ ਬਦਲਿਆ ਜਾ ਸਕਦਾ ਹੈ। ਫਰੇਮਜ਼ ਵਿਚ ਟੈਕਸਟ ਜਾਂ ਗ੍ਰਾਫਿਕਸ ਕੁੱਝ ਵੀ ਹੋ ਸਕਦਾ ਹੈ।

**ਪ੍ਰ:4 ਫੌਂਟ (Font) ਦੀ ਪਰਿਭਾਸ਼ਾ ਲਿਖੋ।**

ਉ. ਫੌਂਟਸ ਦਾ ਅਰਥ ਹੈ ਅੱਖਰਾਂ ਦੀ ਬਣਾਵਟ। ਇਹ ਟਾਈਪ ਫੇਸ (Type Face) ਅਤੇ ਹੋਰ ਖੂਬੀਆਂ ਦਾ ਮਿਸ਼ਰਣ ਹੁੰਦਾ ਹੈ ਜਿਵੇਂ ਕਿ ਫੌਂਟ ਦਾ ਆਕਾਰ, ਚੌੜਾਈ ਆਦਿ। ਕੁੱਝ ਆਮ ਵਰਤੇ ਜਾਣ ਵਾਲੇ ਫੌਂਟਸ ਹਨ – ਏਰੀਅਲ (ARIAL), ਟਾਈਮਸ ਨਿਊ ਰੋਮਨ (Times New Roman) ਆਦਿ। ਏਰੀਅਲ, ਟਾਈਮਸ ਨਿਊ ਰੋਮਨ ਆਦਿ ਟਾਈਪ ਫੇਸ ਹਨ ਜੋ ਕਿ ਅੱਖਰਾਂ ਦੀ ਬਣਾਵਟ ਅਤੇ ਆਕਾਰ ਆਦਿ ਨੂੰ ਦਰਸਾਉਂਦੇ ਹਨ। ਡੈਸਕਟਾਪ ਪਬਲਿਸ਼ਿੰਗ ਸਾਫਟਵੇਅਰਾਂ ਵਿਚ ਵੱਖ-ਵੱਖ ਕਿਸਮਾਂ ਦੇ ਫੌਂਟ ਵਰਤ ਕੇ ਡਾਕੂਮੈਂਟ ਤਿਆਰ ਕੀਤੇ ਜਾ ਸਕਦੇ ਹਨ। ਇਕ ਟਾਈਪ ਫੇਸ ਵਾਲੇ ਫੌਂਟਸ ਦੇ ਸੈਟ ਨੂੰ ਫੌਂਟ ਫੇਮਲੀ (Font-Family) ਕਿਹਾ ਜਾਂਦਾ ਹੈ।




**ਪ੍ਰ:5 ਮਾਰਜਨ ਕੀ ਹੈ?**

ਉ: ਇਹ ਪੇਜ਼ ਦੀ ਮੁੱਖ ਸਮਗਰੀ ਅਤੇ ਪੇਜ਼ ਦੇ ਕਿਨਾਰਿਆਂ ਦੇ ਵਿਚਕਾਰ ਦਾ ਖਾਲੀ ਖੇਤਰ ਹੁੰਦਾ ਹੈ। ਮਾਰਜਨ ਇਹ ਪਰਿਭਾਸ਼ਿਤ ਕਰਨ ਵਿਚ ਮਦਦ ਕਰਦਾ ਹੈ ਕਿ ਟੈਕਸਟ ਦੀ ਇਕ ਲਾਈਨ ਕਿੱਥੇ ਸ਼ੁਰੂ ਹੁੰਦੀ ਹੈ ਅਤੇ ਕਿੱਥੇ ਖਤਮ ਹੁੰਦੀ ਹੈ। ਅਸੀਂ ਇਕ ਪੇਜ਼ ਦੀਆਂ ਚਾਰੇ ਦਿਸ਼ਾਵਾਂ ਵਿਚ ਮਾਰਜਨ ਸੈਟ ਕਰ ਸਕਦੇ ਹਾਂ – ਟਾਪ (ਉਪਰ) ਮਾਰਜਨ, ਬਾਟਮ (ਹੇਠਾਂ) ਮਾਰਜਨ, ਲੈਫਟ (ਖੱਬਾ) ਮਾਰਜਨ, ਅਤੇ ਰਾਈਟ (ਸੱਜਾ) ਮਾਰਜਨ। ਆਮ ਤੌਰ ਤੇ ਮਾਰਜਨ ਦਾ ਸਾਈਜ਼ ਇਕ ਇੰਚ ਸੈਟ ਹੁੰਦਾ ਹੈ, ਪਰੰਤੂ ਅਸੀਂ ਆਪਣੀ ਜਰੂਰਤ ਅਨੁਸਾਰ ਇਸਦਾ ਸਾਈਜ਼ ਘਟਾ ਵਧਾ ਸਕਦੇ ਹੁੰਦੇ ਹਾਂ।

**ਪ੍ਰ:6 ਗਟਰ ਪੋਜੀਸ਼ਨ ਤੋਂ ਤੁਸੀਂ ਕੀ ਸਮਝਦੇ ਹੋ।**

ਉ: ਗਟਰ ਪੋਜੀਸ਼ਨ ਪੇਜ਼ ਦੇ ਟਾਪ ਜਾਂ ਲੈਫਟ ਕਿਨਾਰੇ ਉਪਰ ਮੌਜੂਦ ਹੋ ਸਕਦੀ ਹੈ। ਇਹ ਉਹ ਖਾਲੀ ਥਾਂ ਹੁੰਦੀ ਹੈ ਜਿਸ ਨੂੰ ਬਾਈਂਡ ਕਰਨ ਲਈ ਵਰਤਿਆ ਜਾਂਦਾ ਹੈ। ਗਟਰ ਮਾਰਜਨ, ਟਾਪ ਜਾਂ ਲੈਫਟ ਮਾਰਜਨ ਵਿਚ ਵਾਧੂ ਥਾਂ ਜੋੜ ਦਿੰਦਾ ਹੈ। ਗਟਰ ਮਾਰਜਨ ਇਹ ਯਕੀਨੀ ਬਣਾਉਂਦਾ ਹੈ ਕਿ ਬਾਈਂਡ ਕਰਨ ਤੋਂ ਬਾਅਦ ਪੇਜ਼ ਵਿਚਲਾ ਟੈਕਸਟ ਬਾਈਡਿੰਗ ਕਰਨ ਸਮੇਂ ਛੁਪ ਨਾ ਜਾਵੇ।

**ਪ੍ਰ:7 ਗ੍ਰਾਫਿਕਸ ਕੀ ਹਨ?**

ਉ: ਗ੍ਰਾਫਿਕ ਤਸਵੀਰ ਦੀ ਵਿਜ਼ੂਅਲ ਪੇਸ਼ਕਾਰੀ ਹੈ। ਸਾਧਾਰਣ ਤੋਰ ਤੇ ਕੰਪਿਊਟਰ ਗ੍ਰਾਫਿਕਸ ਕੰਪਿਊਟਰ ਸਕ੍ਰੀਨ ਤੇ ਨਜ਼ਰ ਆਉਣ ਵਾਲੀਆਂ ਤਸਵੀਰਾਂ ਹੁੰਦੀਆਂ ਹਨ। ਕੰਪਿਊਟਰ ਗ੍ਰਾਫਿਕਸ ਦੋ ਜਾਂ ਤਿੰਨ ਆਯਾਮੀ (dimensional) ਹੋ ਸਕਦੇ ਹਨ। ਪੁਰਾਣੇ ਕੰਪਿਊਟਰ ਕੁਝ ਰੰਗਾਂ ਵਿਚ ਹੀ ਗ੍ਰਾਫਿਕਸ ਨੂੰ ਪ੍ਰਦਰਸ਼ਿਤ ਕਰ ਸਕਦੇ ਸਨ ਪਰ ਅਜ ਕੱਲ ਦੇ ਕੰਪਿਊਟਰ ਲੱਖਾਂ ਰੰਗਾਂ ਵਿਚ ਗ੍ਰਾਫਿਕਸ ਨੂੰ ਪ੍ਰਦਰਸ਼ਿਤ ਕਰ ਸਕਦੇ ਹਨ।

**ਪ੍ਰ:8 ਲੇਜ਼ਰ ਪ੍ਰਿੰਟਰ ਦੀ ਕਾਰਜ ਪ੍ਰਣਾਲੀ ਦੀ ਵਿਆਖਿਆ ਕਰੋ।**

**ਉ:** ਲੇਜ਼ਰ ਪ੍ਰਿੰਟਰ ਹਾਰਡਕਾਪੀ ਆਊਟਪੁਟ ਯੰਤਰ ਹੈ। ਇਹ ਇਕ ਨਾਨ-ਇਮਪੈਕਟ ਪ੍ਰਿੰਟਰ ਹੈ। ਲੇਜ਼ਰ ਪ੍ਰਿੰਟਰ ਇਕ ਫੋਟੋਸਟੇਟ ਮਸ਼ੀਨ ਦੀ ਤਰ੍ਹਾਂ ਕੰਮ ਕਰਦਾ ਹੈ। ਲੇਜ਼ਰ ਪ੍ਰਿੰਟਰ ਵਿਚ ਲੇਜ਼ਰ ਬੀਮ ਨੂੰ ਇਕ ਸ਼ੀਸ਼ੇ ਉਤੇ ਨਿਰਦੇਸ਼ਿਤ ਕਰਦੇ ਹੋਏ ਅਗੇ ਡਰੱਮ ਉਤੇ ਭੇਜਿਆ ਜਾਂਦਾ ਹੈ। ਇਸ ਤਰ੍ਹਾਂ ਕਾਗਜ਼ ਉਪਰ ਪ੍ਰਿੰਟ ਕੀਤਾ ਜਾਂਦਾ ਹੈ। ਲੇਜ਼ਰ ਪ੍ਰਿੰਟਰ ਬਫਰਜ਼ ਦੀ ਵਰਤੋਂ ਕਰਦੇ ਹਨ। ਇਹਨਾਂ ਬਫਰਜ਼ ਵਿਚ ਇਕ ਸਮੇਂ ਤੇ ਇਕ ਪੂਰਾ ਪੇਜ਼ ਪ੍ਰਿੰਟ ਕਰਨ ਲਈ ਸਟੋਰ ਕੀਤਾ ਜਾ ਸਕਦਾ ਹੈ।

**ਪ੍ਰ:9 WYSIWYG ਤੋਂ ਕੀ ਭਾਵ ਹੈ?**

ਉ: ਇਸ ਦਾ ਉਚਾਰਨ ਹੈ – "ਵਿਜ-ਈ-ਵਿਗ". WYSIWYG ਦਾ ਪੂਰਾ ਰੂਪ What You See Is What You Get ਹੈ। ਇਸ ਦਾ ਅਰਥ ਹੈ ਕਿ ਜਿਸ ਤਰ੍ਹਾਂ ਤੁਸੀਂ ਆਪਣੇ ਦਸਤਾਵੇਜ਼ ਨੂੰ ਕੰਪਿਊਟਰ ਸਕ੍ਰੀਨ ਤੇ ਦੇਖੋਗੇ, ਉਸੇ ਤਰ੍ਹਾਂ ਹੀ ਤੁਸੀਂ ਉਸਨੂੰ ਪ੍ਰਿੰਟ ਰੂਪ ਵਿਚ ਪ੍ਰਾਪਤ ਕਰੋਗੇ। DTP ਸਾਫਟਵੇਅਰਾਂ ਦੀ ਮਦਦ ਨਾਲ ਅਸੀਂ ਅਜਿਹੇ ਡਾਕੂਮੈਂਟ ਤਿਆਰ ਕਰ ਸਕਦੇ ਹਾਂ ਜੋ ਪ੍ਰਿੰਟ ਹੋਣ ਤੋਂ ਬਾਅਦ WYSIWYG ਦੇ ਬਿਲਕੁਲ ਨੇੜੇ ਦਿਖਾਈ ਦਿੰਦੇ ਹਨ।

## ਵੱਡੇ ਉਤਰਾਂ ਵਾਲੇ ਪ੍ਰਸ਼ਨ

**ਪ੍ਰ:1 ਵੈਕਟਰ ਗ੍ਰਾਫਿਕਸ ਅਤੇ ਬਿਟਮੈਪ ਗ੍ਰਾਫਿਕਸ ਵਿਚ ਅੰਤਰ ਲਿਖੋ।**

ਉ: **ਵੈਕਟਰ ਗ੍ਰਾਫਿਕਸ** ਕੰਟਰੋਲ ਪੁਆਇੰਟਾਂ ਉਪਰ ਅਧਾਰਿਤ ਹੁੰਦੇ ਹਨ ਜੋ ਲਾਈਨਾਂ ਜਾਂ ਕਰਵਾਂ ਰਾਹੀਂ ਜੁੜੇ ਹੁੰਦੇ ਹਨ। ਇਹਨਾਂ ਲਾਈਨਾਂ ਜਾਂ ਕਰਵਾਂ ਨੂੰ ਵੈਕਟਰ ਜਾਂ ਵੈਕਟਰ ਪਾਥ ਕਿਹਾ ਜਾਂਦਾ ਹੈ। ਵੈਕਟਰ ਪਾਥ ਨੂੰ ਸ਼ੇਪ ਆਬਜੈਕਟ ਬਨਾਉਣ ਲਈ ਵਰਤਿਆ ਜਾ ਸਕਦਾ ਹੈ। ਹਰੇਕ ਸ਼ੇਪ ਆਬਜੈਕਟ ਨੂੰ ਵੱਖਰੇ ਤੌਰ ਤੇ ਐਡਿਟ ਕਰਨਾ ਸੰਭਵ ਹੈ। ਵੈਕਟਰ ਗ੍ਰਾਫਿਕਸ ਵਿਚ ਐਡੋਵ ਇਲੂਸਟਰੇਟਰ ਅਤੇ ਕੋਰਲ ਡਰਾਅ ਸ਼ਾਮਲ ਹਨ। ਇਹਨਾਂ ਗ੍ਰਾਫਿਕਸ ਵਿਚ ਫਾਈਲ ਦਾ ਆਕਾਰ ਇਮੇਜ਼ ਦੇ ਆਕਾਰ ਉਪਰ ਨਿਰਭਰ ਨਹੀਂ ਕਰਦਾ ਹੈ। ਜਦੋਂ ਇਕ ਵੈਕਟਰ ਗ੍ਰਾਫਿਕਸ ਨੂੰ ਮੁੜ ਆਕਾਰ ਦਿਤਾ ਜਾਂਦਾ ਹੈ ਤਾਂ ਇਸਦੀ ਗੁਣਵੱਤਾ (quality) ਖਤਮ ਨਹੀਂ ਹੁੰਦੀ।

**ਬਿਟਮੈਪ ਗ੍ਰਾਫਿਕਸ** ਵਿਚ ਪਿਕਸਲਜ਼ (pixels) ਦੇ ਬਹੁਤ ਸਾਰੇ ਡਾਟ (dots) ਹੁੰਦੇ ਹਨ। ਬਿਟਮੈਪ ਗ੍ਰਾਫਿਕਸ ਸਾਫਟਵੇਅਰ ਦੀ ਮਦਦ ਨਾਲ ਹਰ ਇਕ ਪਿਕਸਲ ਨੂੰ ਐਡਿਟ ਕਰਨਾ ਸੰਭਵ ਹੈ।ਡਿਜ਼ੀਟਲ ਇਮੇਜ਼ ਜਾਂ ਸਕੈਨ ਕੀਤੇ ਗਏ ਇਮੇਜ਼ ਇਹਨਾਂ ਗ੍ਰਾਫਿਕਸ ਦੀਆਂ ਉਦਾਹਰਣਾਂ ਹਨ।ਬਿਟਮੈਪ ਗ੍ਰਾਫਿਕਸ ਵਿਚ ਐਡੋਵ ਫੋਟੋਸ਼ਾਪ ਸ਼ਾਮਲ ਹੈ। ਇਹਨਾਂ ਗ੍ਰਾਫਿਕਸ ਵਿਚ ਫਾਈਲ ਦਾ ਆਕਾਰ ਇਮੇਜ਼ ਦੇ ਆਕਾਰ ਉਪਰ ਨਿਰਭਰ ਕਰਦਾ ਹੈ।ਬਿਟਮੈਪ ਗ੍ਰਾਫਿਕਸ ਦੀ ਫਾਈਲ ਦਾ ਆਕਾਰ ਬਹੁਤ ਵੱਡਾ ਹੁੰਦਾ ਹੈ। ਜਦੋਂ ਇਕ ਬਿਟਮੈਪ ਗ੍ਰਾਫਿਕਸ ਨੂੰ ਮੁੜ ਆਕਾਰ ਦਿਤਾ ਜਾਂਦਾ ਹੈ ਤਾਂ ਇਸਦੀ ਗੁਣਵੱਤਾ (quality) ਘੱਟ ਜਾਂਦੀ ਹੈ।

**ਪ੍ਰ:2 ਡੈਸਕਟਾਪ ਪਬਲੀਸ਼ਿੰਗ ਦੇ ਨਾਲ ਵਿਜ਼ੂਅਲ ਸੰਚਾਰ ਖੁੱਲਾ ਹੈ। ਇਸਦੀ ਵਿਆਖਿਆ ਕਰੋ।**

ਉ: ਡੈਸਕਟਾਪ ਪਬਲੀਸ਼ਿੰਗ ਦਾ ਨਾਲ ਵਿਜ਼ੂਅਲ ਸੰਚਾਰ ਖੁੱਲ ਗਿਆ ਹੈ। ਡੈਸਕਟਾਪ ਪਬਲੀਸ਼ਿੰਗ ਸਾਫਟਵੇਅਰਾਂ ਦੇ ਆਉਣ ਨਾਲ ਪਬਲੀਸ਼ਿੰਗ ਦਾ ਕੰਮ ਪੇਸ਼ੇਵਰਾਂ ਤੱਕ ਹੀ ਸੀਮਿਤ ਨਹੀਂ ਰਿਹਾ ਸਗੋਂ ਆਮ ਲੋਕ ਜਿਨ੍ਹਾਂ ਨੂੰ ਡਿਜ਼ਾਇਨਿੰਗ ਦਾ ਬਹੁਤਾ ਅਨੁਭਵ ਨਹੀਂ ਹੈ, ਉਹਨਾਂ ਨੂੰ ਵੀ ਡੈਸਕਟਾਪ ਪਬਲੀਸ਼ਰ ਬਨਣ ਦਾ ਸਾਧਨ ਮਿਲ ਗਿਆ ਹੈ। ਘਰਾਂ ਵਿਚ ਆਪਣੀ ਸੁਵਿਧਾ ਅਨੁਸਾਰ ਗ੍ਰਾਫਿਕਸ ਦਾ ਕੰਮ ਕਰਨ ਵਾਲੇ, ਛੋਟੇ ਕਾਰੋਬਾਰੀ, ਅਧਿਆਪਕ, ਵਿਦਿਆਰਥੀ ਆਦਿ ਵੀ ਆਸਾਨੀ ਨਾਲ ਡੈਸਕਟਾਪ ਪਬਲੀਸ਼ਿੰਗ ਦਾ ਕੰਮ ਕਰ ਸਕਦੇ ਹਨ।

**ਪ੍ਰ:3 ਇਮਪੈਕਟ ਪ੍ਰਿੰਟਰ ਅਤੇ ਨਾਨ-ਇਮਪੈਕਟ ਪ੍ਰਿੰਟਰ ਵਿਚ ਅੰਤਰ ਲਿਖੋ।**

ਉ: **ਇਮਪੈਕਟ ਪ੍ਰਿੰਟਰ** ਉਹ ਪ੍ਰਿੰਟਰ ਹੁੰਦੇ ਹਨ ਜੋ ਪ੍ਰਿੰਟਿੰਗ ਦੌਰਾਨ ਆਵਾਜ ਕਰਦੇ ਹਨ ਕਿਉਂਕਿ ਇਹ ਪ੍ਰਿੰਟਰ ਪ੍ਰਿੰਟ ਕਰਨ ਲਈ ਸਟ੍ਰਾਈਕਿੰਗ ਡਿਵਾਈਸ ਦੀ ਵਰਤੋਂ ਕਰਦੇ ਹਨ। ਇਹਨ੍ਹਾਂ ਪ੍ਰਿੰਟਰਾਂ ਵਿਚ ਪ੍ਰਿੰਟਿੰਗ ਹੈਡ ਰੀਬਨ ਉਪਰ ਸਟ੍ਰਾਈਕ ਕਰਕੇ ਪੇਪਰ ਉਪਰ ਪ੍ਰਿੰਟ ਕਰਦਾ ਹੈ। ਡਾਟ ਮੈਟ੍ਰਿਕਸ ਪ੍ਰਿੰਟਰ ਅਤੇ ਡੇਜ਼ੀ ਵਹੀਲ ਪ੍ਰਿੰਟਰ ਇਹਨਾਂ ਪ੍ਰਿੰਟਰਾਂ ਦੀਆਂ ਵਧੀਆ ਉਦਾਹਰਣਾਂ ਹਨ।

**ਨਾਨ-ਇਮਪੈਕਟ ਪ੍ਰਿੰਟਰ** ਉਹ ਪ੍ਰਿੰਟਰ ਹੁੰਦੇ ਹਨ ਜੋ ਪ੍ਰਿੰਟਿੰਗ ਦੌਰਾਨ ਆਵਾਜ ਨਹੀਂ ਕਰਦੇ ਕਿਉਂਕਿ ਇਹ ਪ੍ਰਿੰਟਰ ਪ੍ਰਿੰਟ ਕਰਨ ਲਈ ਸਟ੍ਰਾਈਕਿੰਗ ਡਿਵਾਈਸ ਦੀ ਵਰਤੋਂ ਨਹੀਂ ਕਰਦੇ। ਇਹਨ੍ਹਾਂ ਪ੍ਰਿੰਟਰਾਂ ਵਿਚ ਪ੍ਰਿੰਟਿੰਗ ਹੈਡ ਰੀਬਨ ਉਪਰ ਸਟ੍ਰਾਈਕ ਕਰਕੇ ਪੇਪਰ ਉਪਰ ਪ੍ਰਿੰਟ ਨਹੀਂ ਕਰਦਾ ਸਗੋਂ ਚੁੰਬਕੀ ਸਿਆਹੀ ਜਾਂ ਪਾਊਡਰ ਦੀ ਵਰਤੋਂ ਕਰਕੇ ਥਰਮਲ ਜਾਂ ਇਲੈਕਟ੍ਰੋਮੈਗਨੇਟਿਕ ਤਕਨੀਕ ਰਾਹੀਂ ਪ੍ਰਿੰਟਿੰਗ ਕੀਤੀ ਜਾਂਦਾ ਹੈ। ਇੰਕਜੈੱਟ ਪ੍ਰਿੰਟਰ ਅਤੇ ਲੇਜ਼ਰ ਪ੍ਰਿੰਟਰ ਇਹਨਾਂ ਪ੍ਰਿੰਟਰਾਂ ਦੀਆਂ ਵਧੀਆ ਉਦਾਹਰਣਾਂ ਹਨ।

**ਪ੍ਰ:4 ਦੋ ਤਰ੍ਹਾਂ ਦੇ ਇਮਪੈਕਟ ਪ੍ਰਿੰਟਰਾਂ ਦੀ ਵਿਆਖਿਆ ਕਰੋ।**

ਉ: ਇਮਪੈਕਟ ਪ੍ਰਿੰਟਰ ਦੋ ਕਿਸਮਾਂ ਦੇ ਹੁੰਦੇ ਹਨ: ਕਰੈਕਟਰ ਪ੍ਰਿੰਟਰ ਅਤੇ ਲਾਈਨ ਪ੍ਰਿੰਟਰ। ਇਹਨਾਂ ਦਾ ਵਿਆਖਿਆ ਹੇਠ ਲਿਖੇ ਅਨੁਸਾਰ ਹੈ।

**ਕਰੈਕਟਰ ਪ੍ਰਿੰਟਰ:** ਇਹ ਪ੍ਰਿੰਟਰ ਇਕ ਸਮੇਂ ਤੇ ਇਕ ਅੱਖਰ ਪ੍ਰਿੰਟ ਕਰਦੇ ਹਨ। ਇਹਨਾਂ ਪ੍ਰਿੰਟਰਾਂ ਦੀ ਸਪੀਡ "ਅੱਖਰ-ਪ੍ਰਤੀ-ਸੈਕਿੰਟ" (cps-character per second) ਵਿਚ ਮਾਪੀ ਜਾਂਦੀ ਹੈ। ਡਾਟ ਮੈਟ੍ਰਿਕਸ ਪ੍ਰਿੰਟਰ ਅਤੇ ਡੇਜ਼ੀ ਵਹੀਲ ਪ੍ਰਿੰਟਰ ਇਹਨਾਂ ਪ੍ਰਿੰਟਰਾਂ ਦੀਆਂ ਉਦਾਹਰਣਾਂ ਹਨ।

**ਲਾਈਨ ਪ੍ਰਿੰਟਰ:** ਇਹ ਪ੍ਰਿੰਟਰ ਇਕ ਮਸੇਂ ਤੇ ਇਕ ਪੂਰੀ ਲਾਈਨ ਪ੍ਰਿੰਟ ਕਰਦੇ ਹਨ। ਇਹਨਾਂ ਪ੍ਰਿੰਟਰਾਂ ਦੀ ਸਪੀਡ "ਲਾਈਨ-ਪ੍ਰਤੀ-ਮਿੰਟ" (lpm-lines per minute) ਵਿਚ ਮਾਪੀ ਜਾਂਦੀ ਹੈ। ਡ੍ਰਮ ਪ੍ਰਿੰਟਰ ਅਤੇ ਚੇਨ ਪ੍ਰਿੰਟਰ ਇਹਨਾਂ ਪ੍ਰਿੰਟਰਾਂ ਦੀਆਂ ਉਦਾਹਰਣਾਂ ਹਨ।

**ਪ੍ਰ:5 ਡੈਸਕਟਾਪ ਪਬਲਿਸ਼ਿੰਗ ਅਤੇ ਵਰਡ ਪ੍ਰੋਸੈਸਰ ਵਿਚ ਅੰਤਰ ਲਿਖੋ।**

ਉ: ਡੈਸਕਟਾਪ ਪਬਲਿਸ਼ਿੰਗ ਅਤੇ ਵਰਡ ਪ੍ਰੋਸੈਸਰ ਵਿਚ ਅੰਤਰ ਹੇਠ ਲਿਖੇ ਅਨੁਸਾਰ ਹਨ:

| **ਡੈਸਕਟਾਪ ਪਬਲਿਸ਼ਿੰਗ** | **ਵਰਡ ਪ੍ਰੋਸੈਸਰ** |
|---|---|
| 1. ਇਹ ਆਬਜੈਕਟ ਅਧਾਰਿਤ ਸ਼ਾਫਟਵੇਅਰ ਹੈ। | 1. ਇਹ ਟੈਕਸਟ ਆਧਾਰਿਤ ਸਾਫਟਵੇਅਰ ਹੈ। |
| 2. ਇਸ ਵਿਚ ਪੇਜ਼ ਲੇਆਊਟ ਵੱਲ ਜ਼ਿਆਦਾ ਧਿਆਨ ਦਿੱਤਾ ਜਾਂਦਾ ਹੈ। | 2. ਇਸ ਵਿਚ ਸ਼ਬਦਾਂ ਦੀ ਸ਼ੁਧੱਤਾ ਵੱਲ ਜ਼ਿਆਦਾ ਧਿਆਨ ਦਿੱਤਾ ਜਾਂਦਾ ਹੈ। |
| 3. ਇਸ ਵਿਚ ਪੇਜ਼ ਲੇਆਊਟ ਤਿਆਰ ਕਰਨਾ ਆਸਾਨ ਹੁੰਦਾ ਹੈ। | 3. ਇਸ ਵਿਚ ਪੇਜ਼ ਲੇਆਊਟ ਉਪਰ ਜ਼ਿਆਦਾ ਕੰਟਰੋਲ ਨਹੀਂ ਹੁੰਦਾ। |
| 4. ਇਸ ਵਿਚ ਹਰ ਇਕ ਆਬਜੈਕਟ ਅਲਗ-ਅਲਗ ਕੰਟਰੋਲ ਕੀਤਾ ਜਾ ਸਕਦਾ ਹੈ। | 4. ਇਸ ਵਿਚ ਸਾਰੇ ਟੈਕਸਟ ਨੂੰ ਇਕੱਠਾ ਹੀ ਕੰਟਰੋਲ ਕੀਤਾ ਜਾ ਸਕਦਾ ਹੈ। |
| 5. ਇਸ ਦੀ ਵਰਤੋਂ ਕਰਕੇ ਵਿਜ਼ਟਿੰਗ ਕਾਰਡ, ਮੈਗਜ਼ੀਨ, ਕੈਲੰਡਰ, ਇਸ਼ਤਿਹਾਰ ਆਦਿ ਚੰਗੀ ਕੁਆਲਟੀ ਨਾਲ ਤਿਆਰ ਕੀਤੇ ਜਾਂਦੇ ਹਨ। | 5. ਇਸ ਦੀ ਵਰਤੋਂ ਕਰਕੇ ਸਾਧਾਰਣ ਟੈਕਸਟ ਆਧਾਰਿਤ ਡਾਕੂਮੈਂਟ ਤਿਆਰ ਕੀਤੇ ਜਾਂਦੇ ਹਨ। |
| 6. ਇਸ ਵਿਚ ਤਿਆਰ ਕੀਤਾ ਡਾਕੂਮੈਂਟ ਪ੍ਰਿੰਟ ਹੋਣ ਤੋਂ ਬਾਅਦ WYSIWYG ਦੇ ਬਿਲਕੁਲ ਨੇੜੇ ਹੁੰਦਾ ਹੈ। | 6. ਇਸ ਵਿਚ ਤਿਆਰ ਕੀਤਾ ਡਾਕੂਮੈਂਟ ਪ੍ਰਿੰਟ ਹੋਣ ਤੋਂ ਬਾਅਦ ਇਕ ਆਮ ਰੰਗਦਾਰ ਲੇਜ਼ਰ ਪ੍ਰਿੰਟਰ ਉਪਰ ਪ੍ਰਿੰਟ ਲੈਣ ਯੋਗ ਹੁੰਦਾ ਹੈ। |
| 7. ਇਸ ਦੀਆਂ ਐਕਸਟੈਨਸਜ਼ .psd,.cdr,.pub ਆਦਿ ਹੁੰਦੀਆਂ ਹਨ। | 7. ਇਸ ਦੀਆਂ ਐਕਸਟੈਨਸਜ਼ .doc,.docx,.rtf ਆਦਿ ਹੁੰਦੀਆਂ ਹਨ। |
| 8. ਉਦਾਹਰਣ: ਅਡੋਬ ਪੇਜ਼ਮੇਕਰ, ਅਡੋਬ ਫੋਟੋਸ਼ੋਪ, ਕੋਰਲ ਡਰਾਅ, ਐਮ.ਐਸ. ਪਬਲਿਸ਼ਰ ਆਦਿ। | 8. ਉਦਾਹਰਣ: ਐਮ.ਐਸ. ਵਰਡ, ਵਰਡਪੈਡ, ਵਰਡਸਟਾਰ ਆਦਿ |

## ਪਾਠ-6
## (ਆਪਰੇਟਿੰਗ ਸਿਸਟਮ)
### ਬਹੁ-ਪੱਖੀ ਪਸੰਦ ਵਾਲੇ ਪ੍ਰਸ਼ਨ

1. ਆਪਰੇਟਿੰਗ ਸਿਸਟਮ ਕੀ ਹੈ? **(ਸਾਫਟਵੇਅਰ)**
2. ਟਾਈਮ ਸ਼ੇਅਰਿੰਗ ਇਕ ਤਕਨੀਕ ਹੈ ਜੋ ਇਕ ਸਮੇਂ ਵਿਚ ਕੰਪਿਊਟਰ ਸਿਸਟਮ ਨੂੰ ਵਰਤਣ ਦੀ ਆਗਿਆ ਦਿੰਦੀ ਹੈ। **(ਕਈ ਯੂਜ਼ਰ)**
3. ਇਕ ਹੀ ਸਮੇਂ ਵਿਚ ਮਲਟੀਪਲ ਐਪਲੀਕੇਸ਼ਨ ਰਨ ਕਰਨ ਨੂੰ ਕਿਹਾ ਜਾਂਦਾ ਹੈ। **(ਮਲਟੀਪ੍ਰੋਗਰਾਮਿੰਗ)**
4. ਇਕ ਹੀ ਸਮੇਂ ਵਿਚ ਵੱਖੋ-ਵੱਖਰੇ ਕਿਸਮ ਦੇ ਹਾਰਡਵੇਅਰ ਤੇ ਸਾਫਟਵੇਅਰ ਦੇ ਕੰਮ ਕਰਨ ਦੀ ਯੋਗਤਾ ਨੂੰ ਕਿਹਾ ਜਾਂਦਾ ਹੈ। **(ਪੋਰਟੇਬੀਲਿਟੀ)**
5. ਆਪਰੇਟਿੰਗ ਸਿਸਟਮ ਤੇ ਕੰਮ ਕਰ ਰਿਹਾ ਯੂਜ਼ਰ ਕੰਪਿਊਟਰ ਤੇ ਸਿੱਧੇ ਤੋਰ ਤੇ ਕੰਮ ਨਹੀਂ ਕਰਦਾ। **(ਬੈਚ ਪ੍ਰੋਸੈਸਿੰਗ ਸਿਸਟਮ)**
6. ਇਹ ਸਾਨੂੰ ਇੰਟਨੈਟ ਸੁਰਖਿਅਤ ਢੰਗ ਨਾਲ ਵਰਤਣ ਅਤੇ ਸਾਡੇ ਸਿਸਟਮ ਤੋਂ ਅਣ-ਅਧਿਕਾਰਤ ਐਪਲੀਕੇਸ਼ਨ ਦੀ ਪਹੁੰਚ ਨੂੰ ਰੋਕਣ ਦੇ ਯੋਗ ਬਣਾਉਂਦਾ ਹੈ। **(Firewall)**
7. ਇਹ ਯੂਜ਼ਰ ਤੋਂ ਕਰਨਲ ਦੇ ਗੁੰਝਲਦਾਰ ਫੰਕਸ਼ਨ ਨੂੰ ਛੁਪਾ ਦਿੰਦਾ ਹੈ। **(Shell)**
8. ਇਹ ਇਕ ਸਟੈਂਡਰਡ ਫਾਈਲ ਸਟਰਕਚਰ ਅਧੀਨ ਸਿਸਟਮ ਫਾਈਲਾਂ, ਯੂਜ਼ਰ ਫਾਈਲਾਂ ਨੂੰ ਅਰੇਂਜ (ਪ੍ਰਬਧਿਤ) ਕਰਦਾ ਹੈ। **(ਹਰਾਰੀਕਲ / ਟ੍ਰੀ)**

9. ਇਕ ਸਿਸਟਮ ਰਾਹੀਂ ਇਨਪੁੱਟ ਲੈਣ ਅਤੇ ਅਪਡੇਟਿਡ ਸੂਚਨਾ ਨੂੰ ਡਿਸਪਲੇਅ ਕਰਨ ਵਿਚ ਜੋ ਸਮਾਂ ਲੱਗਦਾ ਹੈ, ਉਸਨੂੰ ਕਿਹਾ ਜਾਂਦਾ ਹੈ। **(ਰਿਸਪੋਂਸ ਟਾਈਮ)**

10. ਇਸ ਸਿਸਟਮ ਵਿਚ ਸਰਵਰ ਨੂੰ ਵੱਖਰੀ ਲੋਕੇਸ਼ਨ ਤੋਂ ਰਿਮੋਟ ਅਕਸੈਸ ਕਰਨਾ ਸੰਭਵ ਹੈ। **(ਨੈਟਵਰਕ ਆਪਰੇਟਿੰਗ ਸਿਸਟਮ)**

**ਖਾਲੀ ਥਾਵਾਂ ਭਰੋ।**

1. ਇੱਕ ___________ ਸੰਬੰਧਤ ___________ ਦੇ ਇਕੱਠ ਨੂੰ ਪ੍ਰਦਰਸ਼ਿਤ ਕਰਦੀ ਹੈ। **(ਫਾਈਲ, ਜਾਣਕਾਰੀ)**
2. _______ ਸਿਸਟਮ ਮਲਟੀਪਲ ਰੀਅਲ-ਟਾਈਮ ________ ਐਪਲੀਕੇਸ਼ਨ ਅਤੇ ਮਲਟੀਪਲ ਯੂਜ਼ਰ ਨੂੰ ਸਰਵ ਕਰਨ ਵਾਸਤੇ ਪਲਟੀਪਲ ਸੈਂਟਰਲ ਪ੍ਰੋਸੈਸਰ ਦੀ ਵਰਤੋਂ ਕਰਦਾ ਹੈ। **(ਡਿਸਟ੍ਰੀਬਿਊਟਡ, ਸੈਂਟਰਲ)**
3. ________ ਆਪਣੇ ਸਿਸਟਮ ਨੂੰ ਅਣ-ਅਧਿਕਾਰਿਤ ਵਰਤੋਂ ਦੀ ਪੜਤਾਲ ਰੋਕਣ ਦੀ ਪ੍ਰਕਿਰੀਆ ਹੈ। **(ਕੰਪਿਊਟਰ ਸਕਿਊਰਟੀ)**
4. _____ ਆਨਲਾਈਨ ਖਾਤਿਆਂ ਤੇ ਪਹੁੰਚ ਕਰਨ ਅਤੇ ਖਾਤੇ ਨਾਲ ਜੁੜੀ ਕਈ ਗਤੀਵਿਧੀਆਂ ਜਿਵੇਂ ਕਿ ਖਰੀਦਦਾਰੀ, ਇਮੇਲ ਅਤੇ ਆਨਲਾਈਨ ਟ੍ਰਾਂਜ਼ੈਕਸ਼ਨ ਕਰਨ ਦੀ ਸੁਵਿਧਾ ਮੁਹਾਈਆ ਕਰਦੇ ਹਨ। **(ਪਾਸਵਰਡ)**
5. _____________ ਸਿਸਟਮ ਦੀ ਵਰਤੋਂ ਉਸ ਸਮੇਂ ਹੁੰਦੀ ਹੈ ਜਦੋਂ ਡਾਟੇ ਦੇ ਫਲੋਅ ਜਾਂ ਪ੍ਰੋਸੈਸਰ ਦੇ ਆਪਰੇਸ਼ਨ ਵਿਚ ਲੱਗਣ ਵਾਲ ਸਮਾਂ ਜਟਿੱਲ ਹੋਵੇ। **(ਰੀਅਲ ਟਾਈਮ ਸਿਸਟਮ)**

**ਸਹੀ ਜਾਂ ਗਲਤ ਲਿਖੋ**

1. ਇਕ ਸਿਸਟਮ ਰਾਹੀਂ ਇਨਪੁਟ ਲੈਣ ਅਤੇ ਲੋੜੀਂਦੀ ਅਪਡੇਟਡ ਸੂਚਨਾ ਨੂੰ ਡਿਸਪਲੇਅ ਕਰਨ ਵਿਚ ਜੋ ਸਮਾਂ ਲਗਦਾ ਹੈ ਉਸ ਨੂੰ ਰਿਸਪੋਂਸ ਟਾਈਮ ਕਿਹਾ ਜਾਂਦਾ ਹੈ। **(ਸਹੀ)**
2. ਇਨਟਰਨੈਟ ਸੁਰੱਖਿਆ ਧਮਕੀਆਂ ਤੋਂ ਬਚਣ ਲਈ ਕੇਵਲ ਐਂਟੀਵਾਇਰਸ ਸਾਫਟਵੇਅਰ ਇਕੱਲਾ ਹੀ ਕਾਫੀ ਹੁੰਦਾ ਹੈ। **(ਗਲਤ)**
3. ਆਪਰੇਟਿੰਗ ਸਿਸਟਮ ਯੂਜ਼ਰ ਅਤੇ ਡਿਵਾਇਸ ਡਰਾਇਵਰ ਵਿਚਕਾਰ ਸੰਚਾਰ ਨੂੰ ਮੈਨੇਜ ਨਹੀਂ ਕਰ ਸਕਦਾ। **(ਗਲਤ)**
4. ਲਾਈਨੈਕਸ ਸੋਰਸ ਕੋਡ ਮੁਫਤ ਉਪਲਬਧ ਹੈ ਅਤੇ ਇਹ ਸੰਸਥਾ ਅਧਾਰਿਤ ਡਿਵਲਪਮੈਂਟ ਅਧਾਰਿਤ ਪ੍ਰੋਜੈਕਟ ਹੈ। **(ਸਹੀ)**
5. ਆਪਰੇਟਿੰਗ ਸਿਸਟਮ ਸ਼ਡਿਊਲਰ ਦੀ ਵਰਤੋਂ ਕਰਕੇ ਹਰ ਕਿਸਮ ਦੇ ਰਿਸੋਰਸਾਂ ਨੂੰ ਮੈਨੇਜ਼ ਕਰਦਾ ਹੈ। **(ਸਹੀ)**

**ਬਹੁਤ ਛੋਟੇ ਉਤਰਾਂ ਵਾਲੇ ਪ੍ਰਸ਼ਨ**

**1. ਕੰਪਿਊਟਰ ਹਾਰਡਵੇਅਰ ਅਤੇ ਕੰਪਿਊਟਰ ਯੂਜ਼ਰ ਵਿਚਕਾਰ ਇੰਟਰਫੇਸ।** ਉ: ਆਪਰੇਟਿੰਗ ਸਿਸਟਮ

**2. ਜੋ ਖਾਸ ਹਾਰਡਵੇਅਰ ਯੰਤਰਾਂ ਦੀਆਂ ਜਟੀਲਤਾਵਾਂ ਨੂੰ ਯੂਜ਼ਰ ਤੋਂ ਛੁਪਾ ਲੈਂਦਾ ਹੈ।** ਉ: ਡਿਵਾਈਸ ਡਰਾਈਵਰ

**3. ਇਕ ਮਕੈਨੀਜ਼ਮ ਜਾਂ ਤਰੀਕਾ ਜੋ ਕੰਪਿਊਟਰ ਸਿਸਟਮ ਰਾਹੀਂ ਪਰੀਭਾਸ਼ਿਤ ਰਿਸੋਰਸਾਂ ਤੇ ਪ੍ਰੋਗਰਾਮ, ਪ੍ਰੋਸੈਸ ਜਾਂ ਯੂਜ਼ਰ ਦੀ ਪਹੁੰਚ ਨੂੰ ਨਿਯੰਤਰਣ ਕਰਦਾ ਹੈ।** ਉ: ਪ੍ਰੋਟੈਕਸ਼ਨ

**4. ਸਾਡੇ ਕੰਪਿਊਟਰ ਤੇ ਅਣ-ਅਧਿਕਾਰਤ ਵਰਤੋਂ ਨੂੰ ਜਾਂਚਣਾ ਅਤੇ ਰੋਕਣ ਦੀ ਪ੍ਰਕੀਰਿਆ।** ਉ: ਕੰਪਿਊਟਰ ਸਕਿਊਰਟੀ

**5. ਲਈਨੇਕਸ ਇਕ ਖਾਸ ਇੰਟਰਪ੍ਰੇਟਰ ਪ੍ਰੋਗਰਾਮ ਮੁਹਇਆ ਕਰਦਾ ਹੈ ਜਿਸ ਦੀ ਵਰਤੋਂ ਆਪਰੇਟਿੰਗ ਸਿਸਟਮ ਦੀਆਂ ਕਮਾਂਡਾਂ ਨੂੰ ਲਾਗੂ ਕਰਨ ਵਿਚ ਕੀਤੀ ਜਾ ਸਕਦੀ ਹੈ।** ਉ: Shell

**ਛੋਟੇ ਉਤਰਾਂ ਵਾਲੇ ਪ੍ਰਸ਼ਨ**

**1. ਆਪਰੇਟਿੰਗ ਸਿਸਟਮ ਕੀ ਹੁੰਦਾ ਹੈ?**

ਉ: ਆਪਰੇਟਿੰਗ ਸਿਸਟਮ ਇਕ ਸਿਸਟਮ ਸਾਫਟਵੇਅਰ ਹੈ। ਇਹ ਯੂਜ਼ਰ ਅਤੇ ਕੰਪਿਊਟਰ ਹਾਰਡਵੇਅਰ ਵਿਚਕਾਰ ਇੰਟਰਫੇਸ ਦਾ ਕੰਮ ਕਰਦਾ ਹੈ।ਇਹ ਕੰਪਿਊਟਰ ਵਿਚ ਹਰ ਤਰ੍ਹਾਂ ਦੇ ਸਾਫਟਵੇਅਰ ਦੇ ਲਾਗੂਕਰਨ ਨੂੰ ਵੀ ਕੰਟਰੋਲ ਵੀ ਕਰਦਾ ਹੈ।ਆਪਰੇਟਿੰਗ ਸਿਸਟਮ ਤੋਂ ਬਿਨ੍ਹਾਂ ਕੰਪਿਊਟਰ ਵਿਚ ਕੋਈ ਕੰਮ ਕਰਨਾ ਸੰਭਵ ਨਹੀਂ ਹੁੰਦਾ। ਡਾਸ, ਵਿੰਡੋ, ਯੂਨਿਕਸ, ਲਾਇਨੈਕਸ ਆਦਿ ਕੁੱਝ ਆਮ ਵਰਤੇ ਜਾਣ ਵਾਲੇ ਆਪਰੇਟਿੰਗ ਸਿਸਟਮਾਂ ਦੀਆਂ ਮੱਹਤਵਪੂਰਨ ਉਦਾਹਰਣਾਂ ਹਨ।

**2. ਆਪਰੇਟਿੰਗ ਸਿਸਟਮ ਦੀਆਂ ਕਿਸਮਾਂ ਦੱਸੋ।**

ਉ: ਆਪਰੇਟਿੰਗ ਸਿਸਟਮ ਦੀਆਂ ਕੁੱਝ ਮਹਤੱਵਪੂਰਨ ਕਿਸਮਾਂ ਹੇਠ ਲਿਖੇ ਅਨੁਸਾਰ ਹਨ:
1. ਬੈਚ ਆਪਰੇਟਿੰਗ ਸਿਸਟਮ
2. ਟਾਈਮ ਸ਼ੇਅਰਿੰਗ ਆਪਰੇਟਿੰਗ ਸਿਸਟਮ
3. ਡਿਸਟਰੀਬਿਊਟਡ ਆਪਰੇਟਿੰਗ ਸਿਸਟਮ
4. ਨੈਟਵਰਕ ਆਪਰੇਟਿੰਗ ਸਿਸਟਮ
5. ਰੀਅਲ ਟਾਈਮ ਆਪਰੇਟਿੰਗ ਸਿਸਟਮ

**3. ਰੀਅਲ ਟਾਈਮ ਆਪਰੇਟਿੰਗ ਸਿਸਟਮ ਦੀ ਵਿਆਖਿਆ ਕਰੋ।**

ਉ: ਰੀਅਲ ਟਾਈਮ ਆਪਰੇਟਿੰਗ ਸਿਸਟਮ ਨੂੰ ਡਾਟਾ ਆਪਰੇਟਿੰਗ ਸਿਸਟਮ ਵੀ ਕਿਹਾ ਜਾਂਦਾ ਹੈ। ਇਸ ਵਿਚ ਇਨਪੁੱਟ ਦੇਣ ਦੀ ਪ੍ਰਕਿਰਿਆ ਅਤੇ ਜਵਾਬ ਦੇਣ ਲਈ ਜੋ ਸਮਾਂ ਲਗਦਾ ਹੈ, ਉਹ ਬਹੁਤ ਛੋਟਾ ਹੁੰਦਾ ਹੈ। ਰੀਅਲ ਟਾਈਮ ਸਿਸਟਮ ਦੀ ਵਰਤੋਂ ਉਸ ਸਮੇਂ ਹੁੰਦੀ ਹੈ ਜਦੋਂ ਡਾਟੇ ਦੇ ਫਲੋ ਜਾਂ ਪ੍ਰੋਸੈਸ ਲਈ ਲਗਣ ਵਾਲਾ ਸਮਾਂ ਨਾਂ ਬਦਲਣ ਯੋਗ (fixd time) ਹੋਵੇ।

**4. ਆਪਰੇਟਿੰਗ ਸਿਸਟਮ ਦੇ ਕੀ ਕੰਮ ਹੁੰਦੇ ਹਨ? ਇਕ ਸੂੱਚੀ ਬਣਾਓ।**

ਉ: ਆਪਰੇਟਿੰਗ ਸਿਸਟਮ ਦੇ ਮੁੱਖ ਕੰਮ ਹੇਠ ਲਿਖੇ ਅਨੁਸਾਰ ਹਨ:
1. ਪ੍ਰੋਗਰਾਮਾਂ ਨੂੰ ਲਾਗੂ ਕਰਨਾ। (Program Execution)
2. ਇਨਪੁੱਟ ਆਉਟਪੁੱਟ ਨਾਲ ਸੰਬੰਧਤ ਆਪਰੇਸ਼ਨਾਂ ਨੂੰ ਕੰਟਰੋਲ ਕਰਨਾ। (Input Output Operation)
3. ਫਾਇਲ ਸਿਸਟਮ ਨਾਲ ਸੰਬੰਧਤ ਕੰਮ ਕਰਨੇ। (File Manipulation)
4. ਸੰਚਾਰ ਕਰਨ ਨਾਲ ਸੰਬੰਧਤ ਕੰਮ ਕਰਨੇ। (Communication)
5. ਗਲਤੀਆਂ ਨੂੰ ਲੱਭਣਾ।(Eror Detection)

6. ਸਾਧਨਾਂ ਦਾ ਪ੍ਰਬੰਧਨ ਕਰਨਾ (Resource Management)
7. ਸੁਰੱਖਿਆ ਪ੍ਰਦਾਨ ਕਰਨਾ। (Protection)

**5. ਕੰਪਿਊਟਰ ਸੁਰੱਖਿਆ ਤੋਂ ਤੁਸੀਂ ਕੀ ਸਮਝਦੇ ਹੋ।**

ੳ: ਕੰਪਿਊਟਰ ਸੁਰੱਖਿਆ ਇਕ ਅਜਿਹੀ ਪ੍ਰਕਿਰਿਆ ਹੈ ਜੋ ਸਾਡੇ ਕੰਪਿਊਟਰ ਤੇ ਅਣ-ਅਧਿਕਾਰਤ ਵਰਤੋਂ ਨੂੰ ਚੈਕ ਕਰਦੀ ਹੈ ਅਤੇ ਇਸਨੂੰ ਰੋਕਦੀ ਹੈ। ਇੰਟਰਨੈਟ ਉਪਰ ਹੈਕਰਜ਼ ਸਾਡੇ ਮਹੱਤਵਪੂਰਨ ਡਾਟਾ ਨੂੰ ਅਣ-ਅਧਿਕਾਰਤ ਢੰਗ ਨਾਲ ਚੋਰੀ ਕਰਨ ਦੀ ਕੋਸ਼ਿਸ਼ ਕਰਦੇ ਰਹਿੰਦੇ ਹਨ। ਇਸ ਲਈ ਸਾਨੂੰ ਆਪਣੇ ਕੰਪਿਊਟਰ ਨੂੰ ਇਹਨਾਂ ਹੈਕਰਜ਼ ਤੋਂ ਬਚਾਉਣ ਲਈ ਕੰਪਿਊਟਰ ਸੁਰੱਖਿਆ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ। ਕੰਪਿਊਟਰ ਨੂੰ ਸੁਰੱਖਿਅਤ ਰੱਖਣ ਲਈ ਸਾਨੂੰ ਨਵੀਨਤਮ ਐਂਟੀਵਾਇਰਸ, ਐਂਟੀ-ਸਪਾਈਵੇਅਰ, ਫਾਇਰਵਾਲ ਆਦਿ ਤਕਨੀਕਾਂ ਦੀ ਵਰਤੋਂ ਕਰਨੀ ਚਾਹੀਦੀ ਹੈ।

**6. ਲਾਈਨੈਕਸ ਨੂੰ ਪਰੀਭਾਸ਼ਿਤ ਕਰੋ।**

ੳ: ਲਾਈਨੈਕਸ ਇਕ ਆਪਰੇਟਿੰਗ ਸਿਸਟਮ ਹੈ। ਇਹ ਯੂਨਿਕਸ ਆਪਰੇਟਿੰਗ ਸਿਸਟਮ ਦਾ ਇਕ ਮਸ਼ਹੂਰ ਵਰਜਨ ਹੈ। ਇਹ ਇਕ ਓਪਨ ਸੋਰਸ ਆਪਰੇਟਿੰਗ ਸਿਸਟਮ ਹੈ ਜਿਸ ਦਾ ਕੋਡ ਮੁਫਤ ਉਪਲਬਧ ਹੁੰਦਾ ਹੈ। ਇਸਦੀ ਵਰਤੋਂ ਬਿਨ੍ਹਾਂ ਕਿਸੇ ਲਾਈਸੈਂਸ ਦੀ ਖਰੀਦ ਕੀਤੇ ਮੁਫਤ ਵਿਚ ਕੀਤੀ ਜਾ ਸਕਦੀ ਹੈ। ਯੂਨਿਕਸ ਇਕ ਜਟਿਲ ਆਪਰੇਟਿੰਗ ਸਿਸਟਮ ਹੈ ਜਿਸਦੀ ਵਰਤੋਂ ਕਰਨਾ ਆਸਾਨ ਨਹੀਂ ਸੀ। ਇਸ ਕਾਰਨ ਹੀ ਲਾਇਨੈਕਸ ਸਿਸਟਮ ਨੂੰ ਡਿਜ਼ਾਇਨ ਕੀਤਾ ਗਿਆ ਸੀ।

**7. ਸੁਰੱਖਿਆ (Protection) ਕੀ ਹੁੰਦੀ ਹੈ?**

ੳ: ਮਲਟੀਪਲ ਯੂਜ਼ਰ ਸਿਸਟਮ ਵਿਚ ਇਕ ਤੋਂ ਵੱਧ ਯੂਜ਼ਰ ਵੱਖ-ਵੱਖ ਪ੍ਰੋਗਰਾਮਾਂ ਉਪਰ ਪ੍ਰੋਸੈਸਿੰਗ ਕਰ ਸਕਦੇ ਹੁੰਦੇ ਹਨ। ਇਹਨਾਂ ਪ੍ਰੋਗਰਾਮਾਂ ਦੀਆਂ ਕਿਰਿਆਵਾਂ ਨੂੰ ਇਕ ਦੂਜੇ ਪ੍ਰੋਗਰਾਮ ਤੋਂ ਸੁਰੱਖਿਅਤ ਰੱਖਣਾ ਜਰੂਰੀ ਹੁੰਦਾ ਹੈ।ਇਹ ਸੁਰੱਖਿਆ ਆਪਰੇਟਿੰਗ ਸਿਸਟਮ ਦੁਆਰਾ ਪ੍ਰਦਾਨ ਕਰਦੀ ਹੈ। ਇਸ ਤੋਂ ਇਲਾਵਾ ਆਪਰੇਟਿੰਗ ਸਿਸਟਮ ਹਰ ਯੂਜ਼ਰ ਨੂੰ ਪ੍ਰਮਾਣਿਤ (authorized) ਕਰਨ ਲਈ ਪਾਸਵਰਡ ਦੀ ਵਿਸ਼ੇਸ਼ ਸਹੂਲਤ ਵੀ ਪ੍ਰਦਾਨ ਕਰਦਾ ਹੈ।

## ਪਾਠ-7 (ਮਾਈਕਰੋਸੋਫਟ ਪਬਲੀਸ਼ਰ-I)

### ਬਹੁ-ਚੋਣਵੇਂ ਪ੍ਰਸ਼ਨ।

1. ਆਕਰਸ਼ਕ ਵਿਗਿਆਪਣ ਤਿਆਰ ਕਰਨ ਅਤੇ ਪ੍ਰਚਾਰ ਸੰਬੰਧੀ ਸਮੱਗਰੀ ਡਿਜਾਇਨ ਕਰਨ ਲਈ ਵਰਤੀ ਜਾਣ ਵਾਲੀ ਇਕ ਐਪਲੀਕੇਸ਼ਨ ਚੁਣੋ। **(ਪਬਲੀਕੇਸ਼ਨ)**
2. ਪਬਲੀਸ਼ਰ __________ ਵਰਤੋਂ ਕਰਕੇ ਕਵਿਕ ਪਬਲੀਕੇਸ਼ਨ ਬਣਾਉਂਦਾ ਹੈ। **(ਵਿਜ਼ਾਰਡ)**
3. ਪਬਲੀਕੇਸ਼ਨ ਦਾ ਪ੍ਰੀ-ਡਿਫਾਈਨ ਮਾਡਲ ਕਿਹੜਾ ਹੈ। **(ਟੈਂਪਲੇਟਸ)**
4. ਕੀ ਬੋਰਡ ਦੇ ਜਰੀਏ ਮਾਈਕਰੋਸਾਫਟ ਪਬਲੀਕੇਸ਼ਨ ਨੂੰ ਖੋਲਣ ਲਈ ਸਰਚ ਬਾਰ ਵਿਚ ਕੀ ਟਾਈਪ ਕਰਨਾ ਚਾਹੀਦਾ ਹੈ।**(ਪਬਲੀਸ਼ਰ)**
5. ਕਿਹੜਾ ਕਲਰ ਹੈਂਡਲ ਆਬਜੈਕਟ ਨੂੰ ਘੁਮਾਉਣ ਦੀ ਆਗਿਆ ਦਿੰਦਾ ਹੈ। **(ਹਰਾ)**
6. ਹਰ ਇਕ ਟੈਬ ________ ਵਿਚ ਵੰਡਿਆ ਹੁੰਦਾ ਹੈ। **(ਗਰੁੱਪਸ)**
7. ਅਸੀਂ ਕਵਿਕ ਐਕਸੈਸ ਟੂਲਬਾਰ ਨੂੰ ________ ਦੇ ਉਪਰ ਜਾਂ ਹੇਠਾਂ ਰੱਖ ਸਕਦੇ ਹਾਂ। **(ਰੀਬਨ)**
8. ਡਾਕੂਮੈਂਟ ਦੇ ਸਭ ਤੋਂ ਉਪਰ ਵਾਲੇ ਭਾਗ ਦੇ ਪੈਨਲ ਨੂੰ ਰਿਬਨ ਕਿਹਾ ਜਾਂਦਾ ਹੈ। ਇਸਦੇ _____ ਟੈਬ ਹਨ। **(6)**
9. ਪਬਲੀਕੇਸ਼ਨ ਬਨਾਉਣ ਤੋਂ ਬਾਅਦ ______ ਤੋਂ ਸੇਵ ਆਪਸ਼ਨ ਨੂੰ ਕਲਿੱਕ ਕਰਕੇ ਪਬਲੀਕੇਸ਼ਨ ਨੂੰ ਸੇਵ ਕਰੋ। **(File)**
10. ਫਾਈਲ ਮੇਨੂੰ ਵਿਚ ______ ਬਟਨ ਕਲਿੱਕ ਕਰਕੇ ਪਬਲੀਕੇਸ਼ਨ ਨੂੰ ਬੰਦ ਕਰੋ। **(ਕਲੋਜ਼)**

### ਖਾਲੀ ਥਾਵਾਂ ਭਰੋ।

1. ਅਸੀਂ ਬਲੈਂਕ ਲੇਆਊਟ ਵਿਚ ____ ,_____, ਵਰਡਆਰਟ, ਆਟੋਸ਼ੇਪਸ ਆਦਿ ਆਬਜੈਕਟ ਨੂੰ ਦਾਖਿਲ ਕਰ ਸਕਦੇ ਹਾਂ। **(ਟੈਕਸਟ, ਪਿਕਚਰ)**
2. ਬਾਕਸ ਦੀ ਲਾਈਨਾਂ ਦੇ ਵਿਚਕਾਰ ਪਿਆ ਹੈਂਡਲ ____ ਅਤੇ ______ਕਰ ਸਕਦੇ ਹਾਂ। **(ਕਲਿੱਕ ਅਤੇ ਡਰੈਗ)**
3. ਹਰੇਕ ਗਰੁੱਪ ਦੀਆਂ ਹੋਰ ਵਿਸ਼ੇਸ਼ਤਾਵਾਂ ਦੇਖਣ ਲਈ ਡਾਇਲਾਗ ਬਾਕਸ ਲਾਂਚਰ ਤੇ ਕਲਿੱਕ ਕਰੋ ਜੋ ਕਿ ਹਰ ____________ ਦੇ __________ ਹੇਠਾਂ ਵੱਲ ਹੁੰਦਾ ਹੈ। **(ਸੱਜੇ ਕਾਰਨਰ, ਗਰੁੱਪ)**
4. ਜਦੋਂ ਅਸੀਂ ਇਕ ___________ ਤੇ ਕਲਿੱਕ ਕਰਦੇ ਹਾਂ ਤਾਂ ਫਰੇਮ ਦੇ ਕੋਨਿਆਂ ਤੇ ਛੋਟੇ ਸਰਕਲ ਨਜ਼ਰ ਆਉਂਦੇ ਹਨ, ਇਹਨਾਂ ਨੂੰ ___________ ਕਿਹਾ ਜਾਂਦਾ ਹੈ। **(ਫਰੇਮ, ਹੈਂਡਲ)**

### ਸਹੀ ਜਾਂ ਗਲਤ

1. ਪਬਲੀਕੇਸ਼ਨ ਵਿਚ ਟੈਂਪਲੇਟ ਟੂਲ ਦੀ ਮਦਦ ਨਾਲ ਆਸਾਨੀ ਨਾਲ ਇਕ ਪਬਲੀਕੇਸ਼ਨ ਨੂੰ ਤਿਆਰ ਕੀਤਾ ਜਾ ਸਕਦਾ ਹੈ। **(ਸਹੀ)**
2. ਜਿਆਦਾਤਰ ਪਬਲੀਕੇਸ਼ਨ ਵਿਚ ਕਈ ਹਿੱਸੇ ਬਣੇ ਹੁੰਦੇ ਹਨ ਜਿਨ੍ਹਾਂ ਨੂੰ ਫਰੇਮ ਕਿਹਾ ਜਾਂਦਾ ਹੈ। **(ਸਹੀ)**
3. ਕੋਨੇ ਦੇ ਹੈਂਡਲਜ਼ ਨੂੰ ਅਨੁਪਾਤਕ ਤੌਰ ਤੇ ਆਬਜੈਕਟ ਦਾ ਆਕਾਰ ਬਦਲਿਆ ਜਾ ਸਕਦਾ ਹੈ। **(ਸਹੀ)**
4. ਪਬਲੀਸ਼ਰ ਤੋਂ ਬਾਹਰ ਆਉਣ ਤੋਂ ਪਹਿਲਾਂ, ਸਾਨੂੰ ਸਾਰੇ ਪਬਲੀਕੇਸ਼ਨ ਨੂੰ ਬੰਦ ਨਹੀਂ ਕਰਨਾ ਚਾਹੀਦਾ। **(ਗਲਤ)**
5. ਅਸੀਂ ਕਿਸੇ ਵੀ ਆਇਟਮ ਤੇ ਕਲਿੱਕ ਕਰਕੇ ਉਸਨੂੰ ਕਵਿਕ ਐਕਸੈਸ ਟੂਲਬਾਰ ਵਿਚ ਸ਼ਾਮਿਲ ਕਰ ਸਕਦੇ ਹਾਂ। **(ਗਲਤ)**

### ਬਹੁਤ ਛੋਟੇ ਉਤਰਾਂ ਵਾਲੇ ਪ੍ਰਸ਼ਨ

**1. ਪਬਲੀਕੇਸ਼ਨ ਨੂੰ ਸੇਵ ਕਰਨ ਲਈ ਕਿਹੜੀ ਐਕਸਟੈਂਸ਼ਨ ਵਰਤੀ ਜਾਂਦੀ ਹੈ?**

ੳ: **.pub**

**2. ਆਬਜੈਕਟ ਨੂੰ ਮੂਵ ਕਰਨ ਲਈ ਕਿਹੜਾ ਕਰਸਰ ਵਰਤਿਆ ਜਾਂਦਾ ਹੈ?**

ੳ: ਕਰਾਸਬਾਰ

**3. ਆਨਲਾਈਨ ਟੈਂਮਪਲੇਟ ਕਿਸ ਵਿਚ ਉਪਲਬਧ ਹੁੰਦਾ ਹੈ?**

ੳ: Office.com

**4. ਸਾਡੇ ਵੱਲੋਂ ਹਾਲ ਹੀ ਵਿਚ ਇਕ ਵਰਤਿਆ ਗਿਆ ਪਬਲੀਕੇਸ਼ਨ ਫਾਈਲ ਦੀ ਸੂਚੀ ਕੀ ਹੁੰਦੀ ਹੈ?**

ੳ: ਰੀਸੈਂਟ (Recent)

**5. ਕਿਸ ਆਪਸ਼ਨ ਦੀ ਵਰਤੋਂ ਕਰਕੇ ਆਬਜੈਕਟ ਦੇ ਆਲੇ ਦੁਆਲੇ ਦਾ ਟੈਕਸਟ ਅਰੇਂਜ਼ ਕੀਤਾ ਜਾਂਦਾ ਹੈ?**
ਉ: ਰੈਪ ਟੈਕਸਟ (wrap text)

**ਛੋਟੇ ਉਤਰਾਂ ਵਾਲੇ ਪ੍ਰਸ਼ਨ**

**1. ਪਬਲੀਸ਼ਰ ਕੀ ਹੈ?**
ਉ: ਪਬਲੀਸ਼ਰ ਇਕ ਐਪਲੀਕੇਸ਼ਨ ਸਾਫਟਵੇਅਰ ਹੈ। ਇਹ ਮਾਈਕਰੋਸਾਫਟ ਆਫਿਸ ਦਾ ਇਕ ਭਾਗ ਹੈ। ਇਸ ਦੀ ਵਰਤੋਂ ਸੁੰਦਰ ਅਤੇ ਵਧੀਆ ਪ੍ਰਚਾਰ ਕਰਨ ਵਾਲੇ ਇਸ਼ਤਿਹਾਰਾਂ ਨੂੰ ਬਨਾਉਣ ਲਈ ਕੀਤੀ ਜਾਂਦੀ ਹੈ।ਪਬਲੀਸ਼ਰ ਵਿਚ ਅਸੀਂ ਪੈਂਮਫਲੇਟ, ਲੈਟਰ ਹੈਡ, ਬੈਨਰ, ਨਿਊਜ਼ਲੈਟਰ, ਪੋਸਟਰ, ਕਲੈਂਡਰ, ਨਿਮੰਤਰਣ ਪੱਤਰ ਆਦਿ ਬਣਾ ਸਕਦੇ ਹਾਂ। ਪਬਲੀਸ਼ਰ, ਵਿਜ਼ਾਰਡ ਅਤੇ ਡਿਜ਼ਾਈਨ ਗੈਲਰੀ ਦੀ ਵਰਤੋਂ ਨਾਲ ਜਲਦੀ ਤੋਂ ਜਲਦੀ ਪਬਲੀਕੇਸ਼ਨ ਬਨਾਉਣ ਵਿਚ ਸਾਡੀ ਮਦਦ ਕਰਦਾ ਹੈ।

**2. ਵਰਡ ਅਤੇ ਪਬਲੀਸ਼ਰ ਵਿਚ ਤਿੰਨ ਅੰਤਰ ਲਿਖੋ।**
ਉ: ਵਰਡ ਅਤੇ ਪਬਲੀਸ਼ਰ ਵਿਚ ਅੰਤਰ ਹੇਠ ਲਿਖੇ ਅਨੁਸਾਰ ਹਨ:

| ਵਰਡ | ਪਬਲੀਸ਼ਰ |
|---|---|
| 1. ਇਹ ਡਾਕੂਮੈਂਟ ਨੂੰ ਬਨਾਉਣ, ਐਡਿਟ ਕਰਨ ਅਤੇ ਪ੍ਰਿੰਟ ਕਰਨ ਲਈ ਵਰਤਿਆ ਜਾਂਦਾ ਹੈ। | 1. ਇਹ ਪਬਲੀਕੇਸ਼ਨ ਨੂੰ ਬਨਾਉਣ, ਐਡਿਟ ਕਰਨ ਅਤੇ ਪ੍ਰਿੰਟ ਕਰਨ ਲਈ ਵਰਤਿਆ ਜਾਂਦਾ ਹੈ। |
| 2. ਇਹ ਪੇਜ਼ ਲੇਅ-ਆਊਟ ਵਿਚ ਜ਼ਿਆਦਾ ਫੇਰਬਦਲ ਦੀ ਸਹੂਲਤ ਨਹੀਂ ਦਿੰਦਾ। | 2. ਇਹ ਪੇਜ਼ ਲੇਅ-ਆਊਟ ਵਿਚ ਜ਼ਿਆਦਾ ਫੇਰਬਦਲ ਦੀ ਸਹੂਲਤ ਦਿੰਦਾ ਹੈ। |
| 3. ਇਸ ਵਿਚ ਪਹਿਲਾਂ ਤੋਂ ਹੀ ਬਣੇ ਹੋਏ ਡਾਕੂਮੈਂਟਸ ਦੀ ਲਾਈਬ੍ਰੇਰੀ ਹੁੰਦੀ ਹੈ। | 3. ਇਸ ਵਿਚ ਪਹਿਲਾਂ ਤੋਂ ਹੀ ਬਣੇ ਹੋਏ ਪਬਲੀਕੇਸ਼ਨਾਂ ਦੀ ਲਾਈਬ੍ਰੇਰੀ ਹੁੰਦੀ ਹੈ। |

**3. ਪਬਲੀਸ਼ਰ ਨੂੰ ਕੀਅ-ਬੋਰਡ ਦੀ ਵਰਤੋਂ ਕਰਕੇ ਕਿਵੇਂ ਸ਼ੁਰੂ ਕਰ ਸਕਦੇ ਹੋ?**
ਉ: ਪਬਲੀਸ਼ਰ ਨੂੰ ਕੀਅ-ਬੋਰਡ ਦੀ ਵਰਤੋਂ ਕਰਕੇ ਸ਼ੁਰੂ ਕਰਨ ਦੇ ਸਟੇਪ ਹੇਠ ਲਿਖੇ ਅਨੁਸਾਰ ਹਨ:
1. ਵਿੰਡੋ ਕੀਅ ਦਬਾ ਕੇ ਸਟਾਰਟ ਮੀਨੂੰ ਖੋਲੋ।
2. ਸਟਾਰਟ ਮੀਨੂੰ ਦੀ ਸਰਚ ਬਾਰ ਵਿਚ Publisher ਜਾਂ Pub ਟਾਈਪ ਕਰੋ।
3. ਐਂਟਰ ਕੀਅ ਦਬਾਓ।

**4. ਪਬਲੀਸ਼ਰ ਵਿਚ ਆਬਜੈਕਟ ਨੂੰ ਮੂਵ ਕਰਨ ਦੇ ਸਟੈਪ ਲਿਖੋ।**
ਉ: ਪਬਲੀਸ਼ਰ ਵਿਚ ਆਬਜੈਕਟ ਨੂੰ ਮੂਵ ਕਰਨ ਦੇ ਸਟੈਪ ਹੇਠ ਲਿਖੇ ਅਨੁਸਾਰ ਹਨ:
1. ਆਬਜੈਕਟ ਤੇ ਕਲਿੱਕ ਕਰੋ ਇਸਨੂੰ ਸਲੈਕਰ ਕਰੋ।
2. ਆਬਜੈਕਟ ਦੀ Solid ਲਾਈਨ ਤੇ ਕਰਸਰ ਰੱਖੋ।
3. ਆਬਜੈਕਟ ਨੂੰ ਕਲਿੱਕ ਅਤੇ ਡਰੈਗ ਕਰਕੇ ਮਨਪਸੰਦ ਜਗ੍ਹਾ ਤੇ ਲੈ ਜਾਓ।

**5. ਟੈਂਪਲੇਟ ਨੂੰ ਪਰਿਭਾਸ਼ਿਤ ਕਰੋ।**
ਉ: ਟੈਂਪਲੇਟ ਪਬਲੀਕੇਸ਼ਨ ਦਾ ਡਿਫਾਲਟ ਮਾਡਲ ਹੁੰਦਾ ਹੈ। ਪਬਲੀਸ਼ਰ ਵਿਚ ਟੈਂਪਲੇਟ ਟੂਲ ਦੀ ਮਦਦ ਨਾਲ ਬਹਤੁ ਆਸਾਨੀ ਨਾਲ ਇਕ ਪਬਲੀਕੇਸ਼ਨ ਨੂੰ ਤਿਆਰ ਕੀਤਾ ਜਾ ਸਕਦਾ ਹੈ। ਟੈਂਪਲੇਟ ਵਿਚ ਪਹਿਲਾਂ ਤੋਂ ਹੀ ਤਿਆਰ ਕੀਤੇ ਹੋਏ ਡਿਜ਼ਾਈਨ ਸਟਾਈਲ ਹੁੰਦੇ ਹਨ। ਇਹਨਾਂ ਡਿਜ਼ਾਈਨਾਂ ਨੂੰ ਅਸੀ ਬਿਨ੍ਹਾਂ ਬਦਲਾਵ ਕਿਤੇ ਜਾਂ ਇਹਨਾਂ ਵਿਚ ਬਦਲਾਵ ਕਰਕੇ ਪਬਲੀਕੇਸ਼ਨ ਬਨਾਉਣ ਲਈ ਵਰਤ ਸਕਦੇ ਹਾਂ। Office.com ਤੇ ਬਹੁਤ ਸਾਰੇ ਪ੍ਰਚਲਤ ਟੈਂਪਲੇਟ ਉਲਬਧ ਹਨ ਜਿਹਨ੍ਹਾਂ ਨੂੰ ਡਾਊਨਲੋਡ ਕਰਕੇ ਅਸੀਂ ਵਧੀਆ ਪਬਲੀਕੇਸ਼ਨ ਆਸਾਨੀ ਨਾਲ ਬਣਾ ਸਕਦੇ ਹਾਂ।

**6. ਫਰੇਮ ਕੀ ਹੈ?**
ਉ: ਜਿਆਦਾਤਰ ਪਬਲੀਕੇਸ਼ਨ ਵਿਚ ਕਈ ਹਿੱਸੇ ਬਣੇ ਹੁੰਦੈ ਹਨ ਜਿਨ੍ਹਾਂ ਨੂੰ ਫਰੇਮ ਕਿਹਾ ਜਾਂਦਾ ਹੈ। ਇਕ ਫਰੇਮ ਵਿਚ ਕਈ ਕਿਸਮਾਂ ਦੇ ਆਬਜੈਕਟ ਹੋ ਸਕਦੇ ਹਨ ਜਿਵੇਂ ਕਿ ਗ੍ਰਾਫਿਕਸ, ਟੇਬਲ ਆਦਿ। ਫਰੇਮ ਵਿਚ ਅਸੀਂ ਆਪਣੀ ਜਰੂਰਤ ਅਨੁਸਾਰ ਬਦਲਾਅ ਕਰ ਸਕਦੇ ਹਾਂ।ਜਦੋਂ ਅਸੀਂ ਇਕ ਫਰੇਮ ਤੇ ਕਲਿੱਕ ਕਰਦੇ ਹਾਂ ਤਾਂ ਫਰੇਮ ਦੇ ਕੋਨਿਆਂ ਤੇ ਛੋਟੇ ਸਰਕਲ ਨਜ਼ਰ ਆਉਂਦੇ ਹਨ, ਇਹਨਾਂ ਨੂੰ ਹੈਂਡਲ ਕਿਹਾ ਜਾਂਦਾ ਹੈ।

## ਪਾਠ-8
## ਮਾਈਕਰੋਸਾਫਟ ਪਬਲੀਸ਼ਰ-II

**ਬਹੁ-ਚੋਣਵੇ ਪ੍ਰਸ਼ਨ**

1. ਅੱਜ-ਕੱਲ ਬਰੋਸ਼ਰ ਇਲੈਕਟ੍ਰੋਨਿਕ ਫਾਰਮੇਟ ਵਿਚ ਵੀ ਉਪਲਬਧ ਹਨ ਅਤੇ ਇਸ ਨੂੰ _______ ਕਹਿੰਦੇ ਹਨ। **(ਈ-ਬਰੋਸ਼ਰ)**
2. ਪ੍ਰਕਾਸ਼ਕ ਵਿਚ ਚੀਜਾਂ ਦੀ ਇਕ ਸੂਚੀ ਕੀ ਹੈ? **(ਕੈਟਾਲਾਗ)**
3. ਕਿਸੇ ਦੇ ਨਾਂ, ਕਿੱਤੇ, ਬਿਜਨਸ ਐਡਰੈਸ ਆਦਿ ਨਾਲ ਛਪੇ ਇਕ ਛੋਟੇ ਜਿਹੇ ਕਾਰਡ ਨੂੰ _________ ਕਹਿੰਦੇ ਹਨ। **(ਬਿਜ਼ਨਸ ਕਾਰਡ)**
4. ਕਾਗਜ, ਪੋਲੀਮਰ ਕੱਪੜੇ, ਧਾਤ ਜਾਂ ਹੋਰ ਸਮੱਗਰੀ ਨੂੰ ਇਕ ਕੰਟੇਨਰ ਜਾਂ ਪ੍ਰੋਡਕਟ ਨਾਲ ਜੋੜਿਆ ਜਾਂਦਾ ਹੈ? **(ਲੇਬਲ)**
5. ਪ੍ਰਿੰਟ ਕੀਤੇ ਹੋਏ ਹੈਡਿੰਗ ਦੇ ਨਾਲ ਸਟੇਸ਼ਨਰੀ ਕੀ ਹੈ? ਹੈਡਿੰਗ ਵਿਚ ਆਮ ਤੌਰ ਤੇ ਇੱਕ ਨਾਂ, ਇੱਕ ਲੋਗੋ ਅਤੇ ਇਕ ਪਤਾ ਹੁੰਦਾ ਹੈ। **(ਲੈਟਰਹੈਡ)**
6. ਨੌਕਰੀ ਦੀਆਂ ਅਰਜੀਆਂ ਵਿਚ ਬਿਨੈਕਾਰਾਂ ਵੱਲੋਂ ਬੇਨਤੀ ਕੀਤਾ ਗਿਆ ਆਮ ਦਸਤਾਵੇਜ਼ ਕੀ ਹੁੰਦਾ ਹੈ? **(ਰਿਜ਼ਿਊਮ)**
7. ਸਮਾਜਿਕ, ਧਾਰਮਿਕ, ਵਪਾਰਕ ਜਾਂ ਪ੍ਰਸ਼ਾਸਕੀ ਉਦੇਸ਼ਾਂ ਲਈ ਪ੍ਰਬੰਧਨ ਦਿਨ ਅਤੇ ਸਮੇਂ ਦੇ ਸਮੇਂ, ਆਮ ਤੌਰ ਤੇ ਦਿਨ, ਹਫਤੇ, ਮਹੀਨਿਆਂ ਅਤੇ ਸਾਲਾਂ ਦੇ ਨਾਂ ਕੀ ਪ੍ਰਦਾਨ ਕਰਦੇ ਹਨ? **(ਕੈਲੰਡਰ)**
8. ਰਿਜ਼ਿਊਮ ਤੋਂ ਵੱਧ ਲੰਮਾ ਕੀ ਹੁੰਦਾ ਹੈ - ਘੱਟੋ ਘੱਟ ਦੋ ਜਾਂ ਤਿੰਨ੍ਹ ਪੰਨ੍ਹੇ। (ਕਰਿਕਿਊਲਮ ਵਿਟੇ - ਸੀ.ਵੀ. **(Curriculum Vita – CV))**
9. ਮਹਿਮਾਨ ਤੋਂ ਹੁਕਮ ਲੈਣ ਜਾਂ ਦੇਣ ਦਾ ਮੁੱਖ ਤਰੀਕੇ ਕੀ ਹੈ? **(ਮੀਨੂੰ – Menu)**
10. ਬੱਚੇ ਸਾਡੇ ਮਨੋਰੰਜਨ ਦੇ ਸਮੇਂ _____ ਦਾ ਆਨੰਦ ਮਾਣ ਸਕਦੇ ਹਨ ਅਤੇ ਕੁੱਝ ਰਚਨਾਤਮਕ ਗੱਲਾਂ ਕਰ ਸਕਦੇ ਹਨ। **(ਪੇਪਰ ਫੋਲਡਿੰਗ ਪ੍ਰੋਜੈਕਟ)**

**ਖਾਲੀ ਥਾਵਾਂ ਭਰੋ।**

1. ਇਸ਼ਤਿਹਾਰਬਾਜੀ ਤੋਂ ਭਾਵ ਹੈ ਕਿ ਕੰਪਨੀ ਲੋਕਾਂ ਨੂੰ ਆਪਣਾ _______, ________ ਜਾਂ ਵਿਚਾਰ ਖਰੀਦਣ ਲਈ ਕਿਵੇਂ ਉਤਸ਼ਾਹਿਤ ਕਰਦੀ ਹੈ। **(ਉਤਪਾਦ, ਸੇਵਾਵਾਂ (Product, Services))**
2. ਐਮ.ਐਸ. ਪਬਲੀਸ਼ਰ ਬਰੋਸ਼ਰ, ਨਿਊਜ਼ਲੈਟਾਂ, ______ ਅਤੇ ______ ਸਮੇਤ ਵੱਖ-ਵੱਖ ਤਰ੍ਹਾਂ ਦੇ ਪ੍ਰਕਾਸ਼ਨ ਬਨਾਉਣ ਵਿਚ ਸਾਡੀ ਮਦਦ ਲਈ ਟੈਂਪਲੇਟ ਅਤੇ ਹੋਰ ਸਾਧਨ ਮੁਹਈਆ ਕਰਦਾ ਹੈ। **(ਬਿਜ਼ਨਸ ਕਾਰਡ, ਮੀਨੂੰ)**
3. ਕਾਰੋਬਾਰੀ ਕਾਰਡ ਇਕ ______ਜਾਂ _____ ਬਾਰੇ ਕਾਰੋਬਾਰ ਸੰਬੰਧੀ ਜਾਣਕਾਰੀ ਪ੍ਰਦਾਨ ਕਰਨ ਵਾਲੇ ਕਾਰਡ ਹਨ। **(ਕੰਪਨੀ, ਵਿਅਕਤੀਗਤ)**
4. ਇਕ ਰੈਜ਼ਿਊਮੇ ਸਾਡੇ _____ ਪਛਾਣ ਦੇ, ਅਤੇ ਹੋਰ ਪ੍ਰਾਪਤੀਆਂ ਅਤੇ ਹੁਨਰਾਂ ਦਾ ਸੰਖੇਪ ਪੇਸ਼ ਕਰਦਾ ਹੈ। **(ਸਿੱਖਿਆ ਅਤੇ ਕੰਮ ਦਾ ਇਤਿਹਾਸ)**
5. ਮਾਈਕਰੋਸਾਫਟ ਪਬਲੀਸ਼ਰ ਬੱਚਿਆਂ ਲਈ ਟੈਂਪਲੇਟ ਪੇਸ਼ ਕਰਦਾ ਹੈ। ਇਹ ਟੈਂਪਲੇਟਾਂ ਵਿਚ ਵੱਖ-ਵੱਖ ਪੇਪਰ ਫੋਲਡਿੰਗ ਪ੍ਰੋਜੈਕਟਾਂ ਜਿਵੇਂ ਕਿ _________, ਕੱਪ ਅਤੇ ਕਈ ਹੋਰ ਸ਼ਾਮਲ ਹਨ। **(ਹਵਾਈ ਜਹਾਜ਼, ਕਿਸ਼ਤੀ)**

**ਸਹੀ ਜਾਂ ਗਲਤ ਲਿਖੋ।**

1. ਇੱਕ ਕੰਪਲੀਮੈਂਟ ਕਾਰਡ, ਕਾਰਡ ਦਾ ਇਕ ਟੁਕੜਾ ਹੈ ਜੋ ਦੋਸਤੀ ਜਾਂ ਕਿਸੇ ਹੋਰ ਭਾਵਨਾ ਨੂੰ ਦਰਸ਼ਾਉਂਦਾ ਵਧੀਆ ਕੁਆਲਟੀ ਵਾਲਾ ਕਾਗਜ਼ ਹੈ।
2. ਉਪਲਬਧੀਆਂ, ਮੈਰਿਟ ਅਤੇ ਸਨਮਾਨ ਦੇ ਪ੍ਰਮਾਣ-ਪੱਤਰ ਸ਼ਕਤੀਸ਼ਾਲੀ ਸਾਧਨ ਹੋ ਸਕਦੇ ਹਨ।
3. ਇਕ ਕੈਟਾਲਾਗ ਚੀਜਾਂ ਦੀ ਪੂਰੀ ਸੂਚੀ ਹੈ ਜੋ ਕਿ ਆਮ ਤੌਰ ਤੇ ਵਿਵਸਥਿੱਤ ਢੰਗ ਨਾਲ ਅਰੇਂਜ਼ ਹੁੰਦੀ ਹੈ।
4. ਇਹ ਕੱਪੜੇ ਦੀ ਇਕ ਲੰਮੀ ਪੱਟੀ ਦੀ ਤਰ੍ਹਾਂ ਹੁੰਦੀ ਹੈ ਜਿਸ ਤੇ ਕਿਸੀ ਪ੍ਰਦਰਸ਼ਨੀ, ਪ੍ਰੋਸ਼ੈਸ਼ਨ (ਮੁਜਾਹਰਾ) ਆਦਿ ਦੇ ਸਲੋਗਨ ਜਾਂ ਡਿਜ਼ਾਇਨ ਹੁੰਦੇ ਹਨ ਅਤੇ ਜਨਤਕ ਥਾਵਾਂ ਆਦਿ ਤੇ ਟੰਗੇ ਹੁੰਦੇ ਹਨ।
5. ਬਰੋਸ਼ਰ ਪ੍ਰੋਮੋਸ਼ਨਲ ਦਸਤਾਵੇਜ਼ ਹਨ, ਮੁੱਖ ਤੌਰ ਤੇ ਕਿਸੇ ਵੀ ਕੰਪਨੀ, ਸੰਸਥਾ, ਉਤਪਾਦਾਂ ਜਾਂ ਸੇਵਾਵਾਂ ਨੂੰ ਜਨਤਾ ਲਈ ਪੇਸ਼ ਕਰਨ ਲਈ ਅਖਬਾਰਾਂ ਵਿਚ ਵੰਡਿਆ ਜਾਂਦਾ ਹੈ।

**ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ**

**1. ਕਾਗਜ਼, ਕੱਪੜਾ, ਲੱਕੜ ਜਾਂ ਕਿਸੇ ਹੋਰ ਚੀਜ਼ ਦਾ ਇਕ ਹਿੱਸਾ ਜੋ ਤਸਵੀਰਾਂ ਜਾਂ ਸ਼ਬਦਾਂ ਨਾਲ ਚਿੱਤਰਿਆ ਹੋਇਆ ਹੈ ਅਤੇ ਜੋ ਕਿਸੇ ਖਾਸ ਥਾਂ, ਉਤਪਾਦ ਜਾਂ ਘਟਨਾ ਬਾਰੇ ਕੁੱਝ ਜਾਣਕਾਰੀ ਦਿੰਦਾ ਹੈ।**

ਉ: Sign (ਚਿੰਨ੍ਹ)

**2. ਆਮ ਪੈਕਿੰਗ ਆਇਟਮ ਕੀ ਹੁੰਦੀ ਹੈ, ਆਮ ਤੌਰ ਤੇ ਪਤਲੇ ਫਲੈਟ ਸਮੱਗਰੀ ਤੋਂ ਬਣਾਈ ਜਾਂਦੀ ਹੈ?**

ਉ: Envelope (ਇਨਵੇਲਪ)

**3. ਕਿਸੇ ਵਿਅਕਤੀ, ਸਮੂਹ ਜਾਂ ਇਕ ਅਦਾਰੇ ਨੂੰ ਮਾਨਤਾ ਦੇਣ ਲਈ ਕੀ ਦਿੱਤਾ ਜਾਂਦਾ ਹੈ?**

ਉ: ਅਵਾਰਡ

**4. ਜਨਤਕ ਸਥਾਨ ਤੇ ਵਿਆਪਕ ਡਿਸਟਰੀਬਿਊਸ਼ਨ, ਪੋਸਟ ਲਈ ਵਰਤੇ ਜਾਣ ਵਾਲੇ ਕਾਗਜ਼ਾਂ ਦੇ ਇਸ਼ਤਿਹਾਰ ਦਾ ਕਿਹੜਾ ਰੂਪ ਹੁੰਦਾ ਹੈ, ਵਿਅਕਤੀਆਂ ਨੂੰ ਦਿੱਤਾ ਜਾਂਦਾ ਹੈ ਜਾਂ ਡਾਕ ਰਾਹੀਂ ਭੇਜੀ ਜਾਂਦੀ ਹੈ?**

ਉ: Flyer

**5. ਇਕ ਪ੍ਰਿੰਟ ਕੀਤੀ ਰਿਪੋਰਟ ਕੀ ਹੈ ਜਿਸ ਵਿਚ ਕੋਈ ਕਾਰੋਬਾਰ ਜਾਂ ਕਿਸੇ ਸੰਸਥਾ ਦੀਆਂ ਗਤੀਵਿਧੀਆਂ ਜਾਂ ਖਬਰਾਂ ਜਾਂ ਜਾਣਕਾਰੀ ਸ਼ਾਮਿਲ ਹੈ।**

ਉ: ਨਿਊਜ਼ਲੈਟਰ

**ਛੋਟੇ ਉੱਤਰਾਂ ਵਾਲੇ ਪ੍ਰਸ਼ਨ**

**1. ਚਿੰਨ੍ਹ (Sign) ਸਪਸ਼ਟ ਕਰੋ।**

**ਉੱਤਰ:** ਇਹ ਤਸਵੀਰਾਂ ਨਾਲ ਪੇਂਟ ਕੀਤਾ ਗਿਆ ਕਾਗਜ਼/ਕੱਪੜੇ/ਲੱਕੜ ਜਾਂ ਕੋਈ ਹੋਰ ਸਮੱਗਰੀ ਦਾ ਇੱਕ ਟੁਕੜਾ ਹੁੰਦਾ ਹੈ। ਇਹ ਕਿਸੇ ਖਾਸ ਥਾਂ, ਉਤਪਾਦ ਜਾਂ ਘਟਨਾ ਬਾਰੇ ਜਾਣਕਾਰੀ ਦਿੰਦਾ ਹੈ। ਐਮ.ਐਸ. ਪਬਲੀਸ਼ਰ ਸਾਨੂੰ ਬਹੁਤ ਸਾਰੇ ਚਿੰਨ੍ਹ ਪ੍ਰਦਾਨ ਕਰਦਾ ਹੈ ਜਿਨ੍ਹਾਂ ਦੀ ਵਰਤੋਂ ਕਰਕੇ ਅਸੀਂ ਕਈ ਤਰ੍ਹਾਂ ਦੇ ਹੋਰ ਚਿੰਨ੍ਹ ਬਣਾ ਸਕਦੇ ਹਾਂ।

**2. ਰਿਜ਼ਿਊਮ ਸਮਝਾਓ।**

**ਉੱਤਰ:** ਰਿਜ਼ਿਊਮ ਨੌਕਰੀ ਲਈ ਅਰਜ਼ੀਆਂ ਵਾਲੇ ਬਿਨੈਕਾਰਾਂ ਲਈ ਸਭ ਤੋਂ ਵੱਧ ਮਹੱਤਵਪੂਰਣ ਦਸਤਾਵੇਜ਼ ਹੈ।ਆਮ ਤੌਰ ਤੇ ਰਿਜ਼ਿਊਮ ਇਕ ਪੇਣ ਦਾ ਹੁੰਦਾ ਹੈ। ਇਹ ਸਾਡੀ ਸਿੱਖਿਆ, ਕੰਮ ਦੇ ਇਤਿਹਾਸ, ਪ੍ਰਮਾਣ-ਪੱਤਰਾਂ ਅਤੇ ਹੋਰ ਪ੍ਰਾਪਤੀਆਂ ਅਤੇ ਹੁਨਹਰਾਂ ਦਾ ਸੰਖੇਪ ਪੇਸ਼ ਕਰਦਾ ਹੈ। ਇਸ ਵਿਚ ਰਿਜ਼ਿਊਮ ਦੇ ਉਦੇਸ਼ ਅਤੇ ਵਿਅਕਤੀ ਦੇ ਕਰੀਅਰ ਦਾ ਸੰਖੇਪ ਵੀ ਹੋ ਸਕਦਾ ਹੈ। ਇਹਨਾਂ ਤੋਂ ਇਲਾਵਾ ਰਿਜ਼ਿਊਮ ਵਿਚ ਕਈ ਹੋਰ ਆਪਸ਼ਨਲ ਭਾਗ ਵੀ ਹੋ ਸਕਦੀਆਂ ਹਨ। ਜਾਣਕਾਰੀ ਨੂੰ ਸੰਖੇਪ ਰੱਖਣ ਲਈ ਇਸ ਵਿਚ ਬੁਲੇਟਿਡ ਸੂਚਿਆਂ ਸ਼ਾਮਲ ਹੁੰਦੀਆਂ ਹਨ।

**3. ਬੈਨਰ ਕੀ ਹੈ?**

ਉ: ਬੈਨਰ ਇਕ ਪਬਲੀਕੇਸ਼ਨ ਹੈ ਜਿਸ ਨੂੰ ਮਾਈਕਰੋਸਾਫਟ ਪਬਲੀਸ਼ਰ ਦੀ ਮਦਦ ਨਾਲ ਬਣਾਇਆ ਜਾ ਸਕਦਾ ਹੈ। ਬੈਨਰ ਦੀ ਵਰਤੋਂ ਕਿਸੇ ਸਮਾਰੋਹ ਵਿਚ ਲੋਕਾਂ ਦਾ ਧਿਆਨ ਖਿੱਚਣ ਲਈ ਕੀਤੀ ਜਾਂਦੀ ਹੈ। ਪਬਲੀਸ਼ਰ ਵਿਚ ਪ੍ਰਿਵਿਊ ਗੈਲਰੀ ਦੀ ਮਦਦ ਨਾਲ ਵੱਖਰੇ-ਵੱਖਰੇ ਡਿਜ਼ਈਨਾਂ ਦੇ ਬੈਨਰ ਬਣਾਏ ਜਾ ਸਕਦੇ ਹਨ।

**4. ਸਮਾਚਾਰ ਪੱਤਰ (**News letter**) ਬਾਰੇ ਸਮਝਾਓ।**

ਉ: ਨਿਊਜ਼ਲੈਟਰ ਇਕ ਪਬਲੀਕੇਸ਼ਨ ਹੈ ਜਿਸ ਨੂੰ ਮਾਈਕਰੋਸਾਫਟ ਪਬਲੀਸ਼ਰ ਦੀ ਮਦਦ ਨਾਲ ਬਣਾਇਆ ਜਾ ਸਕਦਾ ਹੈ। ਨਿਊਜ਼ਲੈਟਰ ਦੀ ਵਰਤੋਂ ਲੋਕਾਂ ਨੂੰ ਆਪਣੇ ਸਮਾਰੋਹ ਬਾਰੇ ਜਾਣਕਾਰੀ ਦੇਣ ਲਈ ਕੀਤੀ ਜਾਂਦੀ ਹੈ।ਪਬਲੀਸ਼ਰ ਵਿਚ ਪ੍ਰਿਵਿਊ ਗੈਲਰੀ ਦੀ ਮਦਦ ਨਾਲ ਵੱਖਰੇ-ਵੱਖਰੇ ਡਿਜ਼ਈਨਾਂ ਦੇ ਨਿਊਜ਼ਲੈਟਰ ਬਣਾਏ ਜਾ ਸਕਦੇ ਹਨ।

**5. ਮਿੰਨੂਜ਼ ਕੀ ਹੁੰਦੇ ਹਨ?**

ਉ: ਮੀਨੂੰ ਇਕ ਸੂਚੀ ਹੰਦੀ ਹੈ। ਇਸ ਵਿਚ ਕਈ ਵਿਕਲਪ (Options) ਹੁੰਦੇ ਹਨ। ਹੋਟਲਾਂ ਵਿਚ ਖਾਣ ਅਤੇ ਪੀਣ ਵਾਲੀਆਂ ਵੱਖ-ਵੱਖ ਆਈਟਮਾਂ ਦੀ ਸੂਚੀ ਮੀਨੂੰ ਅਖਵਾਉਂਦੀ ਹੈ। ਇਹਨਾਂ ਆਈਟਮਾਂ ਨਾਲ ਉਹਨਾਂ ਦੀਆਂ ਕੀਮਤਾਂ ਵੀ ਲਿਖੀਆਂ ਹੁੰਦੀਆਂ ਹਨ। ਮੀਨੂੰਜ਼ ਦੀ ਵਰਤੋਂ ਮਹਿਮਾਨ ਤੋਂ ਆਰਡਰ ਲੈਣ ਜਾਂ ਦੇਣ ਲਈ ਕੀਤੀ ਜਾਂਦੀ ਹੈ। ਐਮ.ਐਸ. ਪਬਲੀਸ਼ਰ ਮੀਨੂੰਜ਼ ਬਨਾਉਣ ਲਈ ਬਹੁਤ ਸਾਰੇ ਟੈਂਪਲੇਟਸ ਪ੍ਰਦਾਨ ਕਰਦਾ ਹੈ।

## ਵੱਡੇ ਉੱਤਰਾਂ ਵਾਲੇ ਪ੍ਰਸ਼ਨ

**ਪ੍ਰ:1. ਇਸ਼ਤਿਹਾਰ ਕੀ ਹਨ? ਇਸ਼ਤਿਹਾਰਾਂ ਲਈ ਵਰਤੇ ਗਏ ਵੱਖ-ਵੱਖ ਪ੍ਰਿੰਟ ਮੀਡੀਆ ਨੂੰ ਦਸੋ।**

ਉ: ਇਸ਼ਤਿਹਾਰ ਨੂੰ ਵਿਗਿਆਪਣ ਵੀ ਕਿਹਾ ਜਾਂਦਾ ਹੈ। ਇਹ ਉਹ ਚੀਜ਼ਾਂ ਹੁੰਦੀਆਂ ਹਨ ਜੋ ਆਪਣੇ ਵੱਲ ਚੰਗੀ ਤਰ੍ਹਾਂ ਧਿਆਨ ਖਿੱਚਦੀਆਂ ਹਨ। ਇਹ ਆਮ ਤੌਰ ਤੇ ਕਿਸੇ ਵਿਗਿਆਪਨ ਏਜੰਸੀ ਦੁਆਰਾ ਡਿਜ਼ਾਈਨ ਕੀਤੇ ਜਾਂਦੇ ਹਨ। ਇਸ਼ਤਿਹਾਰ ਵੱਖ-ਵੱਖ ਮੀਡੀਆ ਦੁਆਰਾ ਸੰਚਾਰਿਤ ਕੀਤੇ ਜਾਂਦੇ ਹਨ। ਇਹਨਾਂ ਨੂੰ ਟੈਲੀਵਿਜ਼ਨ, ਰੇਡੀਓ, ਮੈਗਜ਼ੀਨ ਅਤੇ ਅਖਬਾਰਾਂ ਆਦਿ ਤੇ ਦਿਖਾਇਆ ਜਾਂਦਾ ਹੈ। ਇਸ਼ਤਿਹਾਰਾਂ ਦੀ ਵਰਤੋਂ ਵਪਾਰੀਆਂ ਵੱਲੋਂ ਆਪਣੇ ਉਤਪਾਦਾਂ ਅਤੇ ਸੇਵਾਵਾਂ ਨੂੰ ਪ੍ਰਮੋਟ ਕਰਨ ਲਈ ਕੀਤੀ ਜਾਂਦੀ ਹੈ।ਇਸ਼ਤਿਹਾਰ ਲਈ ਵੱਖ-ਵੱਖ ਪ੍ਰਿੰਟ ਮੀਡੀਆ ਵਰਤੇ ਜਾ ਸਕਦੇ ਹਨ। ਕੁੱਝ ਆਮ ਵਰਤੇ ਜਾਣ ਵਾਲੇ ਪ੍ਰਿੰਟ ਮੀਡੀਆ ਹੇਠਾਂ ਲਿਖੇ ਅਨੁਸਾਰ ਹਨ:

- ਬਰੋਸ਼ਰ
- ਕੈਟਾਲਾਗ
- ਨਿਊਜ਼ ਲੈਟਰ
- ਫਲਾਇਰ
- ਬੈਨਰ

ਅਸੀਂ ਪਬਲੀਸ਼ਰ ਵਿਚ ਵੱਖ-ਵੱਖ ਟੈਂਪਲੇਟਸ ਦੀ ਮਦਦ ਨਾਲ ਵੱਖਰੇ-ਵੱਖਰੇ ਡਿਜ਼ਾਈਨਾਂ ਦੇ ਇਸ਼ਤਿਹਾਰ ਅਸਾਨੀ ਨਾਲ ਬਣਾ ਸਕਦੇ ਹਾਂ।

**ਪ੍ਰ:2. ਐਮ.ਐਸ. ਪਬਲੀਸ਼ਰ ਵਰਤ ਕੇ ਬਰੋਸ਼ਰ ਕਿਵੇਂ ਤਿਆਰ ਕਰੋਗੇ। ਆਪਣੇ ਕਦਮਾਂ ਦੀ ਵਿਆਖਿਆ ਕਰੋ।**

ਉ: ਇਹ ਇਸ਼ਤਿਹਾਰ ਲਈ ਵਰਤੇ ਜਾਣ ਵਾਲੇ ਪ੍ਰਿੰਟ ਮੀਡੀਆ ਦੀ ਇਕ ਕਿਸਮ ਹੈ।ਬਰੋਸ਼ਰ ਜਾਣਕਾਰੀ ਨਾਲ ਭਰਪੂਰ ਕਾਗਜ਼ੀ ਪ੍ਰੋਮੋਸ਼ਨਲ-ਦਸਤਾਵੇਜ਼ ਹੁੰਦੇ ਹਨ। ਇਹ ਮੁੱਖ ਤੌਰ ਤੇ ਕਿਸੇ ਸੰਸਥਾ, ਉਤਪਾਦ ਜਾਂ ਸੇਵਾਵਾਂ ਨੂੰ ਜਨਤਾ ਦੇ ਸਨਮੁੱਖ ਰੱਖਣ ਲਈ ਬਣਾਏ ਜਾਂਦੇ ਹਨ। ਅੱਜ ਕੱਲ ਦੇ ਬਰੋਸ਼ਰ ਇਲੈਕਟ੍ਰੋਨਿਕ ਫਾਰਮੇਟ ਵਿਚ ਵੀ ਉਪਲਬਧ ਹੁੰਦੇ ਹਨ ਜਿਨ੍ਹਾਂ ਨੂੰ ਈ-ਬਰੋਸ਼ਰ ਕਿਹਾ ਜਾਂਦਾ ਹੈ।ਅਸੀਂ ਪਬਲੀਸ਼ਰ ਵਿਚ ਵੱਖ-ਵੱਖ ਟੈਂਪਲੇਟਸ ਦੀ ਮਦਦ ਨਾਲ ਵੱਖਰੇ-ਵੱਖਰੇ ਡਿਜ਼ਾਈਨਾਂ ਦੇ ਬਰੋਸ਼ਰ ਅਸਾਨੀ ਨਾਲ ਬਣਾ ਸਕਦੇ ਹਾਂ। ਪਬਲੀਸ਼ਰ ਵਿਚ ਬਰੋਸ਼ਰ ਬਨਾਉਣ ਦੇ ਸਟੈਪ ਹੇਠ ਲਿਖੇ ਅਨੁਸਾਰ ਹਨ:

1. File ਟੈਬ ਤੇ ਕਲਿੱਕ ਕਰੋ।
2. New ਵਿਚ Brousher ਤੇ ਕਲਿੱਕ ਕਰੋ।
3. ਆਪਣੀ ਇੱਛਾ ਅਨੁਸਾਰ ਬਰੋਸ਼ਰ ਟੈਂਪਲੇਟ ਦੀ ਚੋਣ ਕਰੋ।
4. ਬਰੋਸ਼ਰ ਲਈ ਕਲਰ-ਸਕੀਮ, ਫੌਂਟ-ਸਕੀਮ ਆਦਿ ਦੀ ਚੌਣ ਕਰੋ।
5. Create ਆਪਸ਼ਨ ਤੇ ਕਲਿੱਕ ਕਰੋ।
6. ਬਰੋਸ਼ਰ ਵਿਚਲੇ ਵਿਵਰਨ ਆਪਣੀ ਜਰੂਰਤ ਅਨੁਸਾਰ ਬਦਲੋ ਅਤੇ ਫਾਈਲ ਨੂੰ Save ਕਰੋ
7. ਇਸ ਤਰ੍ਹਾਂ ਬਰੋਸ਼ਰ ਆਸਾਨੀ ਨਾਲ ਤਿਆਰ ਹੋ ਜਾਵੇਗਾ।

**ਪ੍ਰ:3. ਕਾਰੋਬਾਰੀ ਕਾਰਡ ਕੀ ਹੁੰਦਾ ਹੈ? ਪਬਲੀਸ਼ਰ ਵਿਚ ਬਿਜ਼ਨਸ ਕਾਰਡ ਬਨਾਉਣ ਲਈ ਕਦਮ ਲਿਖੋ।**

ਉ: ਇਹ ਇਕ ਛੋਟਾ ਜਿਹਾ ਕਾਰਡ ਹੁੰਦਾ ਹੈ। ਇਹਨਾਂ ਕਾਰਡਾਂ ਵਿਚ ਇਕ ਕੰਪਨੀ ਜਾਂ ਵਿਅਕਤੀ ਬਾਰੇ ਵਪਾਰਕ ਜਾਣਕਾਰੀ ਹੁੰਦੀ ਹੈ। ਇਹ ਕਾਰਡ ਕਿਸੇ ਵਿਅਕਤੀ ਦੇ ਨਾਂ, ਕਿੱਤੇ, ਜਾਂ ਕਾਰੋਬਾਰੀ ਪਤੇ, ਟੈਲੀਫੋਨ ਨੰਬਰ, ਵੈਬਸਾਈਟ,ਈ-ਮੇਲ ਐਡਰੈਸ ਆਦਿ ਨਾਲ ਛਪਿਆ ਜਾਂਦਾ ਹੈ।ਅਸੀਂ ਪਬਲੀਸ਼ਰ ਵਿਚ ਵੱਖ-ਵੱਖ ਟੈਂਪਲੇਟਸ ਦੀ ਮਦਦ ਨਾਲ ਵੱਖਰੇ-ਵੱਖਰੇ ਡਿਜ਼ਾਈਨਾਂ ਕਾਰੋਬਾਰੀ ਕਾਰਡ ਅਸਾਨੀ ਨਾਲ ਬਣਾ ਸਕਦੇ ਹਾਂ। ਪਬਲੀਸ਼ਰ ਵਿਚ ਕਾਰੋਬਾਰੀ ਕਾਰਡ ਬਨਾਉਣ ਦੇ ਸਟੈਪ ਹੇਠ ਲਿਖੇ ਅਨੁਸਾਰ ਹਨ:

1. File ਟੈਬ ਤੇ ਕਲਿੱਕ ਕਰੋ।
2. New ਵਿਚ Business Card ਤੇ ਕਲਿੱਕ ਕਰੋ।
3. ਆਪਣੀ ਇੱਛਾ ਅਨੁਸਾਰ ਬਿਜ਼ਨਸ ਕਾਰਡ ਟੈਂਪਲੇਟ ਦੀ ਚੋਣ ਕਰੋ।
4. ਬਿਜ਼ਨਸ ਕਾਰਡ ਲਈ ਕਲਰ-ਸਕੀਮ, ਫੌਂਟ-ਸਕੀਮ ਆਦਿ ਦੀ ਚੌਣ ਕਰੋ।
5. Create ਆਪਸ਼ਨ ਤੇ ਕਲਿੱਕ ਕਰੋ।
6. ਬਿਜਨਸ ਕਾਰਡ ਵਿਚਲੇ ਵਿਵਰਨ ਆਪਣੀ ਜਰੂਰਤ ਅਨੁਸਾਰ ਬਦਲੋ ਅਤੇ ਫਾਈਲ ਨੂੰ Save ਕਰੋ
7. ਇਸ ਤਰ੍ਹਾਂ ਕਾਰੋਬਾਰੀ ਕਾਰਡ ਆਸਾਨੀ ਨਾਲ ਤਿਆਰ ਹੋ ਜਾਵੇਗਾ।

**ਪ੍ਰ:4. ਲੇਬਲ ਕੀ ਹੈ? ਲੇਬਲ ਕਿੱਥੇ ਵਰਤੇ ਜਾ ਸਕਦੇ ਹਨ?**

ਉ:ਲੇਬਲ ਕਾਗਜ/ਕੱਪੜਾ/ਧਾਤੂ ਦਾ ਇੱਕ ਟੁਕੜਾ ਹੁੰਦਾ ਹੈ ਜਿਸ ਨੂੰ ਕੰਟੇਨਰ ਜਾਂ ਕਿਸੇ ਉਤਪਾਦ(ਪ੍ਰੋਡਕਟ)ਤੇ ਲਗਾਇਆ ਜਾ ਸਕਦਾ ਹੈ। ਕਿਸੇ ਕੰਟੇਨਰ ਜਾਂ ਉਤਪਾਦ ਤੇ ਸਿੱਧੀ ਛਪੀ ਜਾਣਕਾਰੀ ਨੂੰ ਵੀ ਲੇਬਲਿੰਗ ਮੰਨਿਆ ਜਾ ਸਕਦਾ ਹੈ। ਲੇਬਲ ਵਿਚ ਉਤਪਾਦ ਦੇ ਨਿਰਮਾਤਾ, ਉਤਪਾਦ ਬਨਣ ਦੀ ਮਿਤੀ, ਇਸਦੀ ਵਰਤੋਂ ਆਦਿ ਸੰਬੰਧੀ ਜਾਣਕਾਰੀ ਮੌਜੂਦ ਹੁੰਦੀ ਹੈ। ਲੇਬਲ ਹੇਠ ਲਿਖੀਆਂ ਚੀਜਾਂ ਲਈ ਵਰਤੇ ਜਾ ਸਕਦੇ ਹਨ:

- ਪ੍ਰੋਡਕਟ (ਉਤਪਾਦ) ਲਈ ਲੇਬਲ
- ਕੱਪੜੇ ਲਈ ਲੇਬਲ
- ਪੈਕੇਜਿੰਗ ਲਈ ਲੇਬਲ
- ਮੇਲਿੰਗ ਲਈ ਲੇਬਲ
- ਸੰਪਤੀ ਲਈ ਲੇਬਲ
- ਸੁਰੱਖਿਆ ਲਈ ਲੇਬਲ

**ਪ੍ਰ:5. ਲੈਟਰਹੈਡ ਕੀ ਹੈ? ਪਬਲੀਸ਼ਰ ਵਿਚ ਲੈਟਰਹੈਡ ਕਿਵੇਂ ਬਨਾਉਣਾ ਹੈ?**

ਉ: ਲੈਟਰ ਹੈੱਡ ਇਕ ਸਟੇਸ਼ਨਰੀ ਹੈ ਜਿਸ ਉਪਰ ਕਿਸੇ ਸੰਸਥਾ ਜਾਂ ਵਿਅਕਤੀ ਦਾ ਨਾਂ ਅਤੇ ਪਤਾ ਹੁੰਦਾ ਹੈ।ਇਸ ਦੀ ਵਰਤੋਂ ਚਿੱਠੀਆਂ ਲਿਖਣ ਲਈ ਕੀਤੀ ਜਾਂਦੀ ਹੈ। ਲੈਟਰ ਹੈੱਡ ਨੂੰ ਮਾਈਕਰੋਸਾਫਟ ਪਬਲੀਸ਼ਰ ਦੀ ਮਦਦ ਨਾਲ ਬਣਾਇਆ ਜਾ ਸਕਦਾ ਹੈ।ਅਸੀਂ ਪਬਲੀਸ਼ਰ ਵਿਚ ਵੱਖ-ਵੱਖ ਟੈਂਪਲੇਟਸ ਦੀ ਮਦਦ ਨਾਲ ਵੱਖਰੇ-ਵੱਖਰੇ ਡਿਜ਼ਾਈਨਾਂ ਦੇ ਲੈਟਰ ਹੈੱਡ ਅਸਾਨੀ ਨਾਲ ਬਣਾ ਸਕਦੇ ਹਾਂ। ਪਬਲੀਸ਼ਰ ਵਿਚ ਲੈਟਰਹੈਡ ਬਨਾਉਣ ਦੇ ਸਟੈਪ ਹੇਠ ਲਿਖੇ ਅਨੁਸਾਰ ਹਨ:

1. File ਟੈਬ ਤੇ ਕਲਿੱਕ ਕਰੋ।
2. New ਵਿਚ Letterhead ਤੇ ਕਲਿੱਕ ਕਰੋ।
3. ਆਪਣੀ ਇੱਛਾ ਅਨੁਸਾਰ ਲੈਟਰਹੈਡ ਟੈਂਪਲੇਟ ਦੀ ਚੋਣ ਕਰੋ।
4. ਲੈਟਹੈਡ ਲਈ ਕਲਰ-ਸਕੀਮ, ਫੌਂਟ-ਸਕੀਮ ਆਦਿ ਦੀ ਚੋਣ ਕਰੋ।
5. Create ਆਪਸ਼ਨ ਤੇ ਕਲਿੱਕ ਕਰੋ।
6. ਲੈਟਰ ਹੈਡ ਵਿਚਲੇ ਵਿਵਰਨ ਆਪਣੀ ਜਰੂਰਤ ਅਨੁਸਾਰ ਬਦਲੋ।
7. ਇਸ ਤਰ੍ਹਾਂ ਲੈਟਰ ਹੈਡ ਆਸਾਨੀ ਨਾਲ ਤਿਆਰ ਹੋ ਜਾਵੇਗਾ।

**ਪ੍ਰ:6. ਕਲੈਂਡਰ ਕੀ ਹੈ? ਐਮ.ਐਸ. ਪਬਲੀਸ਼ਰ ਵਿਚ ਕਲੈਂਡਰਾਂ ਨੂੰ ਕਿਵੇਂ ਬਣਾਇਆ ਜਾਵੇ?**

ਉ: ਕਲੈਂਡਰ ਵੱਖ-ਵੱਖ ਉਦੇਸ਼ਾਂ ਲਈ ਦਿਨਾਂ ਦੇ ਪ੍ਰਬੰਧਨ ਦੀ ਇਕ ਪ੍ਰਣਾਲੀ ਹੈ। ਇਹਨਾਂ ਦੀ ਵਰਤੋਂ ਸਮਾਜਿਕ, ਧਾਰਮਿਕ, ਵਪਾਰਕ ਜਾਂ ਪ੍ਰਸ਼ਾਸਕੀ ਉਦੇਸ਼ਾਂ ਲਈ ਕੀਤੀ ਜਾ ਸਕਦੀ ਹੈ। ਕਲੈਂਡਰ ਵਿਚ ਵੱਖ-ਵਖ ਦਿਨਾਂ ਨੂੰ ਅਨੁਕੂਲ ਨਾਂ ਦਿਤੇ ਜਾ ਸਕਦੇ ਹਨ। ਕਲੈਂਡਰਾਂ ਦੀ ਵਰਤੋਂ ਅਸੀਂ ਆਪਣੇ ਨਿੱਜੀ ਸ਼ਡਿਊਲ ਅਤੇ ਗਤੀਵਿਧੀਆਂ ਦੇ ਪ੍ਰਬੰਧਨ ਲਈ ਵੀ ਕਰ ਸਕਦੇ ਹਾਂ।ਅਸੀਂ ਪਬਲੀਸ਼ਰ ਵਿਚ ਵੱਖ-ਵੱਖ ਟੈਂਪਲੇਟਸ ਦੀ ਮਦਦ ਨਾਲ ਵੱਖਰੇ-ਵੱਖਰੇ ਡਿਜ਼ਾਈਨਾਂ ਦੇ ਕਲੈਂਡਰ ਅਸਾਨੀ ਨਾਲ ਬਣਾ ਸਕਦੇ ਹਾਂ। ਪਬਲੀਸ਼ਰ ਵਿਚ ਕਲੈਂਡਰ ਬਨਾਉਣ ਦੇ ਸਟੈਪ ਹੇਠ ਲਿਖੇ ਅਨੁਸਾਰ ਹਨ:


1. File ਟੈਬ ਤੇ ਕਲਿੱਕ ਕਰੋ।
2. New ਵਿਚ Calender ਤੇ ਕਲਿੱਕ ਕਰੋ।
3. ਆਪਣੀ ਇੱਛਾ ਅਨੁਸਾਰ ਕਲੈਂਡਰ ਟੈਂਪਲੇਟ ਦੀ ਚੋਣ ਕਰੋ।
4. ਕਲੈਂਡਰ ਲਈ ਕਲਰ-ਸਕੀਮ, ਫੌਂਟ-ਸਕੀਮ ਆਦਿ ਦੀ ਚੋਣ ਕਰੋ।
5. Create ਆਪਸ਼ਨ ਤੇ ਕਲਿੱਕ ਕਰੋ।
6. ਕਲੈਂਡਰ ਦੇ ਵਿਵਰਨ ਆਪਣੀ ਜਰੂਰਤ ਅਨੁਸਾਰ ਬਦਲੋ।
7. ਇਸ ਤਰ੍ਹਾਂ ਕਲੈਂਡਰ ਆਸਾਨੀ ਨਾਲ ਤਿਆਰ ਹੋ ਜਾਵੇਗਾ।

**ਪ੍ਰ:7. ਪੇਪਰ ਫੋਲਡਿੰਗ ਪ੍ਰੋਜੈਕਟਾਂ ਬਾਰੇ ਦੱਸੋ। ਪਬਲੀਸ਼ਰ ਵਿਚ ਪੇਪਰ ਫੋਲਡਿੰਗ ਆਬਜੈਕਟਸ ਬਨਾਉਣ ਲਈ ਕਦਮ ਲਿਖੋ।**

ਉ: ਪੇਪਰ ਫੋਲਡਿੰਗ ਪ੍ਰੋਜੈਕਟਾਂ ਦੀ ਵਰਤੋਂ ਨਾਲ ਅਸੀਂ ਕੁੱਝ ਰਚਨਤਾਮਕ ਚੀਜਾਂ ਬਣਾ ਸਕਦੇ ਹਾਂ। ਜਿਵੇਂ ਕਿ: ਕੱਪ, ਜਹਾਜ਼, ਕਿਸ਼ਤੀਆਂ ਆਦਿ। ਇਹਨਾਂ ਪ੍ਰੋਜਕਟਾਂ ਵਿਚ ਕਈ ਕਾਗਜ਼ੀ ਨਮੂਨੇ ਸ਼ਾਮਿਲ ਹੁੰਦੇ ਹਨ। ਇਹਨਾਂ ਨਮੂਨਿਆਂ ਦੀ ਵਰਤੋਂ ਕਰਕੇ ਅਸੀਂ ਕਾਗਜ਼ ਨੂੰ ਫੋਲਡ (ਮੋੜ) ਕਰਕੇ ਵੱਖ-ਵੱਖ ਆਕ੍ਰਿਤੀਆਂ ਬਣਾ ਸਕਦੇ ਹਾਂ। ਪਬਲੀਸ਼ਰ ਵਿਚ ਵੱਖ-ਵੱਖ ਟੈਂਪਲੇਟਸ ਦੀ ਮਦਦ ਨਾਲ ਵੱਖਰੇ-ਵੱਖਰੇ ਡਿਜ਼ਾਈਨਾਂ ਦੇ ਪੇਪਰ ਫੋਲਡਿੰਗ ਪ੍ਰੋਜੈਕਟ ਅਸਾਨੀ ਨਾਲ ਬਣਾ ਸਕਦੇ ਹਾਂ। ਪਬਲੀਸ਼ਰ ਵਿਚ ਇਹਨਾਂ ਪ੍ਰੋਜੈਕਟਾਂ ਨੂੰ ਬਨਾਉਣ ਦੇ ਸਟੈਪ ਹੇਠ ਲਿਖੇ ਅਨੁਸਾਰ ਹਨ:

1. File ਟੈਬ ਤੇ ਕਲਿੱਕ ਕਰੋ।
2. New ਵਿਚ More Templates ਵਿਚ Paper Folding Projects ਤੇ ਕਲਿੱਕ ਕਰੋ।
3. ਆਪਣੀ ਇੱਛਾ ਅਨੁਸਾਰ ਪੇਪਰ ਫੋਲਡਿੰਗ ਪ੍ਰੋਜੈਕਟ ਟੈਂਪਲੇਟ ਦੀ ਚੋਣ ਕਰੋ।
4. ਪ੍ਰੋਜੈਕਟ ਲਈ ਕਲਰ-ਸਕੀਮ, ਫੌਂਟ-ਸਕੀਮ ਆਦਿ ਦੀ ਚੋਣ ਕਰੋ।
5. Create ਆਪਸ਼ਨ ਤੇ ਕਲਿੱਕ ਕਰੋ।
6. ਪ੍ਰੋਜੈਕਟ ਵਿਚ ਆਪਣੀ ਜਰੂਰਤ ਅਨੁਸਾਰ ਬਦਲ ਅਤੇ ਇਸਨੂੰ Save ਕਰੋ।
7. ਫਿਰ ਪ੍ਰਜੈਕਟ ਦਾ ਪ੍ਰਿੰਟ ਲੈ ਕੇ ਪ੍ਰੋਜੈਕਟ ਅਨੁਸਾਰ ਆਕ੍ਰਿਤੀ ਦੀ ਰਚਨਾ ਕਰੋ।

**Microsoft Publisher: How to create Publications**



**Sample: Brousher**





**Sample: Resume**





**Sample: Sign**




**Sample: Business Card**



**Sample: News Letter**



# Newsletter Title

Business Name

## Lead Story Headline

This story can fit 175-225 words.

The purpose of a newsletter is to provide specialized information to a targeted audience. Newsletters can be a great way to market your product or service, and also create credibility and build your organization's identity among peers, members, employees, or vendors.

First, determine the audience of the newsletter. This could be anyone who might benefit from the information it contains, for example, employees or people interested in purchasing a product or requesting your service.

You can compile a mailing list from business reply cards, customer information sheets, business cards collected at trade shows, or membership lists. You might consider purchasing a mailing list from a company.

If you explore the Publisher catalog, you will find many publications that match the style of your newsletter.

Next, establish how much time and money you can spend on your newsletter. These factors will help determine how frequently you publish the newsletter and its length. It's recommended that you publish your newsletter at least quarterly so that it's considered a consistent source of information. Your customers or employees will look forward to its arrival.

Caption describing picture or graphic.

Volume 1, Issue 1

Newsletter Date

**Special points of interest:**

- *Briefly highlight your point of interest here.*
- *Briefly highlight your point of interest here.*
- *Briefly highlight your point of interest here.*
- *Briefly highlight your point of interest here.*

**Inside this issue:**

| | |
|---|---|
| Inside Story | 2 |
| Inside Story | 2 |
| Inside Story | 2 |
| Inside Story | 3 |
| Inside Story | 4 |
| Inside Story | 5 |
| Inside Story | 6 |

## Secondary Story Headline


This story can fit 75-125 words.

Your headline is an important part of the newsletter and should be considered carefully.

In a few words, it should accurately represent the contents of the story and draw readers into the story. Develop the headline before you write the story. This way, the headline will help you keep the story focused.

Examples of possible headlines include Product Wins Industry Award, New Product Can Save You Time!, Membership Drive Exceeds Goals, and New Office Opens Near You.


**Sample: Letter Head**



GOVT. GIRLS SEN. SEC. SCHOOL, SUNAM (SANGRUR)

E-mail

**Sample: Calender**



*Primary Business Address*
*Address Line 2*
*Address Line 3*
*Address Line 4*

*Phone: 555-555-5555*
*Fax: 555-555-5555*
*E-mail: someone@example.com*

*Business Tagline or Motto*

# GSSS(G) SUNAM

**OCTOBER 2018**

| MON | TUE | WED | THU | FRI | SAT | SUN |
|---|---|---|---|---|---|---|
| 1 | 2 | 3 | 4 | 5 | 6 | 7 |
| 8 | 9 | 10 | 11 | 12 | 13 | 14 |
| 15 | 16 | 17 | 18 | 19 | 20 | 21 |
| 22 | 23 | 24 | 25 | 26 | 27 | 28 |
| 29 | 30 | 31 | | | | |

**OCTOBER 2018**

**Organization**